

# ਸਿੱਖ ਹੀ ਸਿੱਖੀ ਦੇ ਦੁਸ਼ਮਨ (ਭਾਗ-੧)

ਸਿੱਖ ਧਰਮ ਸੰਸਾਰ ਦੇ ਸਾਰੇ ਧਰਮਾਂ ਮੱਤ ਮਤਾਂਤਰਾਂ ਤੋਂ ਨਿਰਾਲਾ ਤੇ ਬਿਲਕੁੱਲ ਨਵੀਨ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ਮਾਨ ਹੋਣ ਤੋਂ ਪੈਦਾ ਹੋਏ ਸਿੱਖ ਧਰਮ ਨੇਂ ਸੰਸਾਰ ਭਰ ਵਿੱਚ ਮਨੁੱਖਤਾ ਨੂੰ ਪਸ਼ੂਤਾ ਵਿੱਚ ਬਦਲਦਾ ਹੋਇਆ ਦੇਖ ਕੇ ਇਨਸਾਨ ਨੂੰ ਜਿਥੇ ਇਨਸਾਨੀਂ ਕਦਰਾਂ ਕੀਮਤਾਂ ਬਾਰੇ ਰੌਸ਼ਨੀਂ ਪਾਈ ਉਥੇ ਇਨਸਾਨ ਦੀ ਕਾਇਆਂ ਕਲਪ ਕਰਦਿਆਂ ਇਸਨੂੰ ਪ੍ਰਭੂ ਭਗਤੀ ਦੀ ਪ੍ਰੇਰਨਾਂ ਵੀ ਦਿੱਤੀ। ਜਿਸ ਕਾਰਨ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਵਿਸ਼ਵ ਦਾ ਚੱਕਰ ਲਾਉਣਾਂ ਪਿਆ। ਹਜਾਰਾਂ ਮੀਲ ਦੀ ਯਾਤਰਾ ਕਰਨ ਪਿਛੋਂ ਤਕਰੀਬਨ ਢਾਈ-ਤਿੰਨ ਕਰੋੜ ਉਹ ਲੋਕ ਜੋ ਇਨਸਾਨੀਂ ਪੱਧਰ ਤੋਂ ਡਿੱਗ ਚੁੱਕੇ ਸਨ ਜਾਂ ਪੱਥਰਾਂ ਮੂਰਤੀਆਂ ਦੀ ਪੂਜਾ ਵਿੱਚ ਲੱਗਕੇ ਆਪਣੇਂ ਮਨ ਮੰਦਰ ਵਿੱਚ ਬੈਠੇ ਰੱਬ ਜੀ ਦਾ ਧਿਆਨ ਹੀ ਛੱਡ ਬੈਠੇ ਸਨ। ਉਹਨਾਂ ਨੇਂ ਸਾਰੇ ਕਰਮਕਾਂਡਾਂ ਦਾ ਤਿਆਗ ਕਰਕੇ ਕੇਵਲ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਜੀ ਨੂੰ ਹੀ ਆਪਣਾਂ ਇਸ਼ਟ ਸਵੀਕਾਰ ਕਰ ਲਿਆ ਤੇ ਜੀਅ ਜਾਨ ਤੋਂ ਹੀ ਉਹ ਸਾਰੇ ਲੋਕ ਜੋ ਕਿ ਹੁਣ ਸਿੱਖ ਸਜ ਚੁੱਕੇ ਸਨ, ਉਹਨਾਂ ਨੇਂ ਸਿੱਖੀ ਭਾਵ ਕਿ ਬਾਬੇ ਨਾਨਕ ਸਾਹਿਬ ਜੀ ਦੀ ਸੋਚ ਦਾ ਪ੍ਰਚਾਰ ਤੇ ਪ੍ਰਸਾਰ ਕਰਨਾਂ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਸਾਹਿਬ ਜੀ ਦਾ ਮੁੱਢਲਾ ਸਿਧਾਂਤ ਹੀ ੴ ਹੈਜਿਸਦਾ ਅਸਰ ਉਹਨਾਂ ਸਿੱਖਾਂ ਨੇਂ ਦਿਲ ਤੋਂ ਹੀ ਕਬੂਲ ਕਰ ਲਿਆ ਸੀ। ਕਈ ਸਿੱਖ ਵਿਰੋਧੀ ਲੋਕ ਅੱਜ ਇਹ ਕਹਿੰਦੇ ਸੁਣੇਂ ਜਾ ਰਹੇ ਹਨ ਕਿ ੴ ਓਮ ਦਾ ਹੀ ਰੂਪ ਹੈ। ਇਹ ਬਿਲਕੁੱਲ ਗਲਤ ਹੈ। ਓਮ ਹਿੰਦੂ ਮੱਤ ਦੀ ਜੜ੍ਹ ਹੈ ਤੇ ਜੇਕਰ ਹਿੰਦੂ ਮੱਤ ਵਿੱਚੋਂ ਓਮ ਸ਼ਬਦ ਕੱਢ ਦਿੱਤਾ ਜਾਵੇ ਤਾਂ ਸਾਰਾ ਹਿੰਦੂ ਧਰਮ ਹੀ ਖਤਮ ਹੋ ਜਾਂਦਾ ਹੈ। ਪਰ ਸਿੱਖੀ ਦੀ ਜੜ੍ਹ ੴ ਹੈ ਤੇ ੴ ਦਾ ਮਤਲਬ ਹੀ ਓਮ ਦਾ ਬਾਈਕਾਟ ਨਿਕਲਦਾ ਹੈ। ਓਮ ਤਿੰਨ ਦੇਵਤਿਆਂ ਦੀ ਉਪਾਸ਼ਨਾਂ ਦਾ ਪ੍ਰਤੀਕ ਹੈ। ਸ਼ਿਵ, ਵਿਸ਼ਨੂੰ, ਤੇ ਬ੍ਰਹਮਾਂ। ਹਿੰਦੂ ਮੱਤ ਦਾ ਸਿਧਾਂਤ ਹੈ ਕਿ ਬ੍ਰਹਮਾਂ ਸ਼੍ਰਿਸ਼ਟੀ ਦਾ ਰਚਨਹਾਰ ਹੈ। ਵਿਸ਼ਨੂੰ ਪਾਲਣਹਾਰ ਹੈ। ਤੇ ਸ਼ਿਵ ਸੰਘਾਰਹਾਰ ਹੈ ਭਾਵ ਕਿ ਮੌਤ ਦਾ ਦੇਵਤਾ ਹੈ। ਇਹਨਾਂ ਤਿੰਨਾਂ ਹੀ ਦੇਵਤਿਆਂ ਦੇ ਸਿਰਾਂ ਉਤੇ ਸਾਰਾ ਹਿੰਦੂ ਮੱਤ ਖੜ੍ਹਾ ਹੈ ਜੇਕਰ ਇਹਨਾਂ ਤਿੰਨਾਂ ਨੂੰ ਹੀ ਖਿਸਕਾ ਦਿਓ ਤਾਂ ਪਿਛੇ ਕੁੱਝ ਵੀ ਨਹੀਂ ਬਚਦਾ ਹੈ। ਪਰ ੴ ਦਾ ਮਤਲਬ ਹੈ ਪ੍ਰਮਾਤਮਾਂ ਇੱਕ ਹੈ ਤੇ ਉਹ ਹੀ ਸਾਰਿਆਂ ਜੀਵਾਂ ਵਿੱਚ ਇੱਕ ਰਸ ਵਿਆਪਕ ਹੈ ਪ੍ਰਮਾਤਮਾਂ ਹੀ ਇਸ ਸ੍ਰਿਸ਼ਟੀ ਦਾ ਆਦਿ ਹੈ ਤੇ ਅੰਤ ਹੈ। ਉਹੀ ਪੈਦਾ ਕਰਨ ਵਾਲਾ ਹੈ, ਰਿਜਕ ਦੇਣ ਵਾਲਾ ਹੈ, ਤੇ ਉਹ ਹੀ ਮਾਰਨ ਵਾਲਾ ਹੈ। ਇਸ ਸਾਰੇ ਬ੍ਰਹਿਮੰਡ ਵਿੱਚ ਉਸ ਪ੍ਰਮਾਤਮਾਂ ਤੋਂ ਬਗੈਰ ਹੋਰ ਕੋਈ ਵੀ ਤਾਕਤ ਮੌਜੂਦ ਨਹੀਂ ਹੈ। ੴ ਪੂਰੀ ਤਰ੍ਹਾਂ ਹਿੰਦੂ ਮੱਤ ਦੀਆਂ ਜੜ੍ਹਾਂ ਉਤੇ ਵਾਰ ਕਰਦਾ ਹੈ। ੴ ਦਾ ਅਰਥ ਹੀ ਇਹ ਸ਼ਪੱਸ਼ਟ ਕਰਦਾ ਹੈ ਕਿ ਨਾਂ ਕੋਈ ਬ੍ਰਹਮਾਂ ਹੈ ਤੇ ਨਾਂ ਵਿਸ਼ਨੂੰ ਤੇ ਨਾਂ ਹੀ ਸ਼ਿਵ। ਜੇਕਰ ਇਹ ਹੈ ਹੀ ਨਹੀਂ ਤੇ ਫਿਰ ਵਿਸ਼ਨੂੰ ਦੇ ਅਵਤਰਾਂ ਦਾ ਵੀ ਬਾਈਕਾਟ ਹੋ ਰਿਹਾ ਹੈ। ਵਿਸ਼ਨੂੰ ਦਾ ਹੀ ਅਵਤਾਰ ਕ੍ਰਿਸ਼ਨ ਹੈ, ਜੇਕਰ ਕ੍ਰਿਸ਼ਨ ਹੀ ਨਹੀਂ ਹੈ ਤੇ ਫਿਰ ਮਹਾਂਭਾਰਤ ਕਿਥੋਂ ਆ ਗਿਆ। ਜੇਕਰ ਰਾਮ ਹੀ ਨਹੀਂ ਹੈ ਤਾਂ ਫਿਰ ਰਾਮਾਇਣ ਦੇ ਯੁੱਧ ਦਾ ਕੀ ਬਣੇਂਗਾ, ਇਸ ਤਰਾਂ ਤਾਂ ੴ ਪੂਰੇ ਹਿੰਦੂ ਮੱਤ ਦਾ ਹੀ ਖਾਤਮਾਂ ਕਰ ਜਾਂਦਾ ਹੈ। ਜੇਕਰ ੴ ਓਮ ਦਾ ਹੀ ਰੂਪ ਹੁੰਦਾ ਤਾਂ ਫਿਰ ੴ ਨੇ ਕਦੇ ਵੀ ਹਿੰਦੂ ਸੋਚ ਦਾ ਵਿਰੋਧ ਨਹੀਂ ਕਰਨਾਂ ਸੀ। ਕਿਉਂਕਿ ਤਣਾਂ ਕਦੇ ਵੀ ਆਪਣੀਆਂ ਜੜ੍ਹਾਂ ਦਾ ਵਿਰੋਧ ਨਹੀਂ ਕਰਦਾ ਹੈ। ਇਸ ਦਾ ਸਿੱਧਾ ਸਾਧਾ ਮਤਲਬ ਇਹ ਹੈ ਕਿ ੴ ਓਮ ਦਾ ਰੂਪ ਨਹੀਂ, ਸਗੋਂ ੴ ਓਮ ਦੇ ਵਿਰੁੱਧ ਬਗਾਵਤ ਦਾ ਰੂਪ ਹੈ। ਓਮ ਇਨਸਾਨ ਨੂੰ ਭਗਵਾਨ ਨਾਲੋਂ ਤੋੜ੍ਹਕੇ ਇਹਨਾਂ ਤਿੰਨ੍ਹਾਂ ਦੇਵਤਿਆਂ ਦਾ ਉਪਾਸ਼ਕ ਬਣਾਂਉਂਦਾ ਹੈ। ਪਰ ੴ ਇਹਨਾਂ

ਦੇਵਤਿਆਂ ਦੀ ਬਜਾਏ ਇਨਸਾਨ ਨੂੰ ਉਸ ਵਾਹਿਗੁਰੂ ਜੀ ਦੇ ਨਾਲ ਜੋੜ੍ਹਦਾ ਹੈ ਜਿਹੜਾ ਵਾਹਿਗੁਰੂ ਸਾਰੇ ਹੀ ਸੰਸਾਰ ਦਾ ਕਰਤਾ ਹੈ। ੴ ਮਨੁੱਖ ਨੂੰ ਇਹ ਸਮਝਾਉਂਦਾ ਹੈ ਕਿ ਹੇ ਇਨਸਾਨ ਤੂੰ ਇਹਨਾਂ ਦੇਵੀ-ਦੇਵਤਿਆਂ ਦੀ ਉਪਾਸ਼ਨਾਂ ਕਰਨ ਦੀ ਬਜਾਏ ਕੇਵਲ ਉਸ ਕਰਤਾ ਪੁਰਖ ਦੀ ਭਗਤੀ ਕਰ ਜਿਹੜ੍ਹਾ ਸਾਰੇ ਸੰਸਾਰ ਦਾ ਹੀ ਕਰਤਾ ਹੈ। ਇਸ ਗੱਲ ਨੂੰ ਸ਼ਪੱਸ਼ਟ ਕਰਦਿਆਂ ਗੁਰਦੇਵ ਜੀ ਨੇਂ ਆਸਾ ਦੀ ਵਾਰ ਅੰਦਰ ਬੜ੍ਹਾ ਪਿਆਰਾ ਬਚਨ ਕੀਤਾ ਹੈ...

ਪਉੜੀ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥ ੧॥ {ਪੰਨਾ ੪੬੩}

ਅਰਥ: —ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ (ਅਤੇ ਉਸ ਵਿਚ) ਆਸਣ ਜਮਾ ਕੇ, (ਭਾਵ, ਕੁਦਰਤ ਵਿੱਚ ਵਿਆਪਕ ਹੋ ਕੇ, ਇਸ ਜਗਤ ਦਾ) ਆਪ ਤਮਾਸ਼ਾ ਵੇਖਣ ਲੱਗ ਪਿਆ ਹੈ।

(ਹੇ ਪ੍ਰਭੂ !) ਤੂੰ ਆਪ ਹੀ (ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ (ਇਹਨਾਂ ਦੇ) ਸਾਜਣ ਵਾਲਾ ਹੈਂ। (ਤੂੰ ਆਪ ਹੀ ਤ੍ਰੁੱਠ ਕੇ (ਜੀਵਾਂ ਨੂੰ) ਦੇਂਦਾ ਹੈਂ ਅਤੇ ਬਖ਼ਸ਼ਸ਼ ਕਰਦਾ ਹੈਂ। ਤੂੰ ਸਭਨਾਂ ਜੀਆਂ ਦਾ ਜਾਣਨਹਾਰ ਹੈਂ। ਜਿੰਦ ਅਤੇ ਸਰੀਰ ਦੇ ਕੇ (ਤੂੰ ਆਪ ਹੀ) ਲੈ ਲਵੇਂਗਾ (ਭਾਵ, ਤੂੰ ਆਪ ਹੀ ਜਿੰਦ ਤੇ ਸਰੀਰ ਦੇਂਦਾ ਹੈਂ, ਆਪ ਹੀ ਮੁੜ ਲੈ ਲੈਂਦਾ ਹੈਂ)। ਤੂੰ (ਕੁਦਰਤ ਵਿਚ) ਆਸਣ ਜਮਾ ਕੇ ਤਮਾਸ਼ਾ ਵੇਖ ਰਿਹਾ ਹੈਂ। ੧।

ਸਤਿਗੁਰਾਂ ਦੇ ਇਸ ਪਵਿੱਤਰ ਬਚਨ ਤੋਂ ਇਹ ਗੱਲ ਬਿਲਕੁੱਲ ਸ਼ਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਕਿਸੇ ਵੀ ਦੇਵੀ-ਦੇਵਤੇ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ ਹੈ, ਸਿੱਖ ਧਰਮ ਕੇਵਲ ਅਕਾਲ ਪੁਰਖ ਨੂੰ ਹੀ ਇਸ ਸਾਰੀ ਕਾਇਨਾਤ ਦਾ ਕਰਤਾ ਸਵੀਕਾਰ ਕਰਦਾ ਹੈ। ਤੇ ਇਸ ਦੇ ਨਾਲ ਹੀ ਸਿੱਖ ਧਰਮ ਇਨਸਾਨ ਨੂੰ ਸਾਰੇ ਬਿਪਰਵਾਦੀ ਕਰਮਕਾਂਡਾਂ ਦੇ ਕਰਨ ਤੋਂ ਵੀ ਵਰਜਦਾ ਹੈ। ਖਾਸ ਕਰ ਜਿਹੜ੍ਹਾਂ ਮਨੁੱਖ ਆਪਣੇਂ ਆਪ ਨੂੰ ਸਿੱਖ ਭਾਵ ਗੁਰੂ ਨਾਨਕ ਸਾਹਿਬ ਜੀ ਦਾ ਅਨੁਯਾਈ ਅਖਵਾਉਂਦਾ ਹੈ ਉਸ ਨੂੰ ਇਹਨਾਂ ਕਰਮਕਾਂਡਾਂ ਤੋਂ ਆਪ ਵੀ ਕੋਹਾਂ ਦੂਰ ਰਹਿਣ ਦੀ ਹਦਾਇਤ ਕਰਦਾ ਹੈ ਤੇ ਹੋਰਨਾਂ ਲੋਕਾਂ ਨੂੰ ਵੀ ਸਮਝਾਉਣ ਦੀ ਪ੍ਰੇਰਨਾਂ ਵੱਲ ਹੋੜ੍ਹਦਾ ਹੈ।

ਪਰ ਅੱਜ ਦੇ ਹਾਲਾਤਾਂ ਨੂੰ ਦੇਖਣ ਤੋਂ ਬਾਅਦ ਬੜ੍ਹੀ ਹੈਰਾਨੀਂ ਹੁੰਦੀ ਹੈ ਕਿ ਕਿ ਜਿਹੜ੍ਹਾ ਬਾਬਾ ਨਾਨਕ ਆਪਣੀਂ ਸਾਰੀ ਜਿੰਦਗੀ ਹੀ ਕਰਮਕਾਂਡਾਂ ਤੋਂ ਵਰਜਣ ਦੀ ਹਦਾਇਤ ਕਰਦਾ ਰਿਹਾ ਹੈ ਅੱਜ ਜਿਥੇ ਬਾਬੇ ਨਾਨਕ ਸਾਹਿਬ ਜੀ ਦੇ ਅਨੁਯਾਈ ਉਹਨਾਂ ਬਿਪਰਵਾਦੀ ਕਰਮਕਾਂਡਾਂ ਦੇ ਮਾਨਸਿਕ ਪੱਖੋਂ ਗੁਲਾਮ ਨਜਰ ਆ ਰਹੇ ਹਨ, ਉਥੇ ਬਾਬੇ ਨਾਨਕ ਸਾਹਿਬ ਜੀ ਦੇ ਘਰਾਂ ਭਾਵ ਗੁਰਦੁਆਰਿਆਂ ਨੂੰ ਵੀ ਅੱਜ ਦੇ ਬਿਪਰਵਾਦੀ ਸਿੱਖਾਂ ਨੇਂ ਅਸਲੋਂ ਮੰਦਰ ਹੀ ਬਣਾਂ ਕੇ ਰੱਖ ਦਿੱਤਾ ਹੈ। ਕਰਨਾਲ ਇੱਕ ਨਿਰਮਲ ਕੁਟੀਆ ਮੈਨੂੰ ਦੇਖਣ ਨੂੰ ਮਿਲੀ ਜਿਸ ਦੇ ਗੇਟ ਤੇ ਇੱਕ ਪਾਸੇ ੴ ਲਿਖਿਆ ਹੈ ਤੇ ਦੂਜੇ ਪਾਸੇ ਓਮ ਲਿਖਿਆ ਹੈ ਮੈਨੂੰ ਵੇਖਕੇ ਬੜ੍ਹੀ ਹੈਰਾਨੀਂ ਹੋਈ। ਤੇ ਉਸ ਨਿਰਮਲ ਕੁਟੀਆ ਦੇ ਇੱਕ ਸ਼ਰਧਾਲੂ ਨੇਂ ਮੈਨੂੰ ਇਹ ਕਹਿਕੇ ਹੋਰ ਦੁਬਿਧਾ ਵਿੱਚ ਪਾ ਦਿੱਤਾ ਕਿ ਸਾਡੇ ਬਾਬੇ ਸਾਰਿਆਂ ਨੂੰ ਹੀ ਨਾਲ ਲੈਕੇ ਚੱਲਦੇ ਹਨ। ਮੈਂ ਉਸ ਨੂੰ ਕਿਹਾ ਕਿ ਤੁਸੀਂ ਆਪਣੇਂ ਬਾਬੇ ਨੂੰ ਕਹੋ ਕਿ ਜੇਕਰ ਸਾਰਿਆਂ ਨੂੰ ਹੀ ਨਾਲ ਲੈਕੇ ਚੱਲਣਾਂ ਹੈ ਤਾਂ ਫਿਰ ਆਪਣੇਂ ਗੇਟ ਤੇ ਇੱਕਲਾ ਹਿੰਦੂਆਂ ਦਾ ਹੀ ਓਮ ਕਿਓਂ ਲਿਖਿਆ ਹੈ ਹੋਰ ਵੀ ਜਿਨੇਂ ਧਰਮ ਨੇਂ ਮੁਸਲਮਾਨ ਇਸਾਈ ਜੈਨੀਂ ਬੋਧੀ ਪਾਰਸੀ ਆਦਿ ਆਦਿ। ਸਾਰਿਆਂ ਦੇ ਹੀ ਧਾਰਮਿਕ ਚਿੰਨ ਲਿਖਣੇਂ ਚਾਹੀਦੇ ਹਨ। ਪਰ ਇਸ ਗੱਲ ਦਾ ਉਹਨੇਂ ਕੋਈ ਵੀ ਜੁਵਾਬ ਨਹੀਂ ਦਿੱਤਾ ਤੇ ਉਠਕੇ ਚਲਾ ਗਿਆ। ਇਸ ਕਰਕੇ ਮੈਨੂੰ ਆਪਣੇਂ ਇਸ ਲੇਖ ਦਾ ਨਾਮ. . ਸਿੱਖ ਹੀ ਸਿੱਖੀ ਦੇ ਦੁਸ਼ਮਨ...ਰੱਖਣਾਂ ਪਿਆ। ਕਿਉਂਕਿ ਅੱਜ ਜਿੰਨ੍ਹਾਂ ਸਿੱਖੀ ਦਾ ਨੁਕਸਾਨ ਸਿੱਖ ਕਰ ਰਹੇ ਹਨ. ਉਨਾਂ ਕੋਈ ਹੋਰ ਨਹੀਂ ਕਰ ਰਿਹਾ।

ਕਿਤੇ ਸ਼ਰੇਆਮ ਹੀ ਬਿਪਰਵਾਦੀ ਕਰਮ ਹੋ ਰਹੇ ਹਨ ਤੇ ਕਿਤੇ ਗੁਪਤਰੂਪ ਵਿੱਚ ਬ੍ਰਾਹਮਣ ਦੇਵਤਾ ਦੀ ਪੂਜਾ ਕੀਤੀ ਜਾ ਰਹੀ ਹੈ। ਆਹ ਹੋਰ ਦੇਖੋ.




.

ਇਹ ਹੈ ਸਾਡੀ ਕੌਮ ਦਾ ਕੀਰਤਨੀਆਂ ਭਾਈ ਚਮਨਜੀਤ ਸਿੰਘ ਭਾਵ ਚਮਨ ਲਾਲ। ਇਹ ਆਪਣੇਂ ਦਿੱਲੀ ਸਥਿਤ ਅਸਥਾਨ ਤੇ ਸਾਰੇ ਹੀ ਉਹ ਕੰਮ ਕਰਦਾ ਹੈ ਜੋ ਬਿਲਕੁਲ ਹੀ ਸਿੱਖੀ ਸੋਚ ਦੇ ਵਿਰੁੱਧ ਹਨ। ਇਸ ਤਸਵੀਰ ਅੰਦਰ ਆਪ ਦੇਖ ਸਕਦੇ ਹੋ ਕਿ ਕਿਵੇ ਇਹ ਸਿੱਖੀ ਦਾ ਗੱਦਾਰ ਸਿੱਖ ਧਰਮ ਦੀਆਂ ਧੱਜੀਆਂ ਉਡਾ ਰਿਹਾ ਹੈ। ਇਹ ਹੈ ਤਾਂ ਆਰ ਐਸ ਐਸ ਦਾ ਏਜੰਟ ਹੈ ਪਰ ਕੇਵਲ ਸਿੱਖੀ ਬਾਣਾਂ ਪਾਕੇ ਸਿੱਖਾਂ ਨੂੰ ਆਪਣੇਂ ਸਿੱਖ ਹੋਣ ਦਾ ਭਰਮ ਦੇ ਰਿਹਾ ਹੈ। ਕੀ ਸਾਡੇ ਮਹਾਨ ਅਨਪੜ੍ਹ ਜਥੇਦਾਰਾਂ ਨੂੰ ਇਹਦੀਆਂ ਕਰਤੂਤਾਂ ਨਜਰ ਨਹੀਂ ਆਉਂਦੀਆਂ ਕਿ ਕਿਸ ਤਰਾਂ ਇਹ ਗੁਰੂ ਨਿੰਦਕ ਹਰਮੰਦਰ ਸਾਹਿਬ ਦੀ ਉਹ ਤਸਵੀਰ ਲੈ ਰਿਹਾ ਹੈ ਜਿਹੜੀ ਤਸਵੀਰ ਉਤੇ ਇੱਕ ਪਾਸੇ ਗੁਰੂ ਨਾਨਕ ਸਾਹਿਬ ਜੀ ਅਤੇ ਦੂਜੇ ਪਾਸੇ ਰਾਮ ਚੰਦਰ ਦੀ ਤਸਵੀਰ ਲਾਕੇ ਇਹ ਇਸ਼ਾਰਾ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਰਾਮ ਦਾ ਹੀ ਰੂਪ ਸਨ ਜਦ ਕਿ ਗੁਰੂ ਬਾਣੀ ਦੇ ਅੰਦਰ ਕਥਿਤ ਰਾਮ ਚੰਦਰ ਜੀ ਦੀ ਕੋਈ ਵੀ ਜਗ੍ਹਾ ਨਹੀਂ ਹੈ। ਕੀ ਇਹ ਅਖੌਤੀ ਕੀਰਤਨੀਆਂ ਸੰਗਤਾਂ ਨੂੰ ਗੁਰਬਾਣੀਂ ਦੀ ਸਿੱਖਿਆ ਦੇ ਰਿਹਾ ਹੈ ਕਿ ਜਾਂ ਇਹ ਆਰ ਐਸ ਐਸ ਦੇ ਇਸ਼ਾਰਿਆਂ ਤੇ ਸਿਖੀ ਦਾ ਬੇੜ੍ਹਾ ਗਰਕ ਕਰ ਰਿਹਾ ਹੈ। ਕੀ ਇਹ ਦੇਖ ਕੇ ਸਾਨੂੰ ਇਹ ਨਹੀਂ ਲੱਗ ਰਿਹਾ ਕਿ ਕਿਸ ਤਰ੍ਹਾਂ ਸਿੱਖੀ ਦੇ ਭੇਸ ਅੰਦਰ ਸਾਡਾ ਘਾਣ ਕੀਤਾ ਜਾ ਰਿਹਾ ਹੈ। ਕਈ ਵੀਰ ਇਹ ਕਹਿੰਦੇ ਨੇਂ ਕਿ ਗੁਰਬਾਣੀਂ ਤਾਂ ਕਿਸੇ ਨੂੰ ਵੀ ਮਾੜ੍ਹਾ ਨਹੀਂ ਕਹਿੰਦੀ ਹੈ ਫਿਰ ਤੁਸੀਂ ਕਿਵੇਂ ਇਹ ਕਹਿੰਦੇ ਹੋ ਕਿ ਕਿਸੇ ਦੇਵੀ ਦੇਵਤੇ ਦੀ ਉਪਾਸਨਾਂ ਨਹੀਂ ਕਰਨੀਂ ਚਾਹੀਦੀ। ਮੈਂ ਬੇਨਤੀ ਕਰਨਾਂ ਚਾਹਾਂਗਾ ਕਿ ਪਹਿਲਾਂ ਆਪ ਗੁਰਬਾਣੀਂ ਨੂੰ ਚੰਗੀ ਤਰ੍ਹਾਂ ਵੀਚਾਰ ਕਿ ਪੜ੍ਹੋ ਫਿਰ ਤੁਹਾਨੂੰ ਇਹ ਸਵਾਲ ਕਰਨ ਦੀ ਲੋੜ੍ਹ ਨਹੀਂ ਪਵੇਗੀ ਕਿਉਂਕਿ ਫਿਰ ਆਪੇ ਹੀ ਇਸ ਗੱਲ ਦਾ ਪਤਾ ਲੱਗ ਜਾਵੇਗਾ ਕਿ ਗੁਰਬਾਣੀ ਇਹਨਾਂ ਦੇਵੀ ਦੇਵਤਿਆਂ ਬਾਰੇ ਕੀ ਫ਼ੁਰਮਾਨ ਕਰਦੀ ਹੈ। ਆਓ ਜਰਾ ਕੁ ਗੁਰਬਾਣੀ ਵਿੱਚੋਂ ਉਹਨਾਂ ਗੁਰ ਫ਼ੁਰਮਾਨਾਂ ਉਤੇ ਝਾਤ ਫੇਰੀਏ ਜਿੰਨ੍ਹਾਂ ਦੇ ਅੰਦਰ ਇਹਨਾਂ ਅਵਤਾਰਾਂ ਦੇ ਪ੍ਰਤੀ ਸਮਝਾਇਆ ਗਿਆ ਹੈ, ਤਾਂਕਿ ਅਸੀਂ ਵੀ ਕੁੱਝ ਸਮਝਕੇ ਐਵੇਂ ਹੀ ਜਿਹੜ੍ਹੇ ਵਾਧੂ ਦੇ ਕਰਮਕਾਂਡਾਂ ਵਿੱਚ ਫਸੇ ਹਾਂ ਉਹ ਛੱਡ ਸਕੀਏ, ਤੇ ਆਪਣੇਂ ਮਾਲਕ ਜੀ ਦੀ ਖ਼ੁਸ਼ੀ ਹਾਸਲ ਕਰ ਸਕੀਏ.........

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ॥ ਸਨਕ ਸਨੰਦ ਮਹੇਸ ਸਮਾਨਾਂ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ॥ ੧॥ ਸੰਤ ਸੰਗਤਿ ਰਾਮੁ ਰਿਦੈ ਬਸਾਈ॥ ੧॥ ਰਹਾਉ॥ ਹਨੂਮਾਨ ਸਰਿ ਗਰੁੜ ਸਮਾਨਾਂ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥ ੨॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥ ਕਮਲਾਪਤਿ ਕਵਲਾ ਨਹੀ ਜਾਨਾਂ॥ ੩॥ ਕਹਿ ਕਬੀਰ ਸੋ ਭਰਮੈ ਨਾਹੀ॥ ਪਗ ਲਗਿ ਰਾਮ ਰਹੈ ਸਰਨਾਂਹੀ॥ ੪॥ ੧॥ {ਪੰਨਾ ੬੯੧}

ਅਰਥ : —ਮੈਂ ਸੰਤਾਂ ਦੀ ਸੰਗਤਿ ਵਿੱਚ ਰਹਿ ਕੇ ਪਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹਾਂ। ੧। ਰਹਾਉ।

ਹੇ ਪ੍ਰਭੂ ! (ਬ੍ਰਹਮਾ ਦੇ ਪੁੱਤਰਾਂ) ਸਨਕ, ਸਨੰਦ ਅਤੇ ਸ਼ਿਵ ਜੀ ਵਰਗਿਆਂ ਨੇ ਤੇਰਾ ਭੇਦ ਨਹੀਂ ਪਾਇਆ; (ਵਿਸ਼ਨੂ ਦੇ ਭਗਤ) ਸ਼ੇਸ਼ਨਾਗ ਨੇ ਤੇਰੇ (ਦਿਲ ਦਾ) ਰਾਜ਼ ਨਹੀਂ ਸਮਝਿਆ। ੧।

(ਸ੍ਰੀ ਰਾਮ ਚੰਦਰ ਜੀ ਦੇ ਸੇਵਕ) ਹਨੂਮਾਨ ਵਰਗੇ ਨੇ, (ਵਿਸ਼ਨੂ ਦੇ ਸੇਵਕ ਤੇ ਪੰਛੀਆਂ ਦੇ ਰਾਜੇ) ਗਰੁੜ ਵਰਗਿਆਂ ਨੇ, ਦੇਵਤਿਆਂ ਦੇ ਰਾਜੇ ਇੰਦਰ ਨੇ, ਵੱਡੇ ਵੱਡੇ ਰਾਜਿਆਂ ਨੇ ਭੀ ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ। ੨।

ਚਾਰ ਵੇਦ, (ਅਠਾਰਾਂ) ਸਿਮ੍ਰਿਤੀਆਂ, (ਅਠਾਰਾਂ) ਪੁਰਾਣ— (ਇਹਨਾਂ ਦੇ ਕਰਤਾ ਬ੍ਰਹਮਾ, ਮਨੂ ਤੇ ਹੋਰ ਰਿਸ਼ੀਆਂ) ਨੇ ਤੈਨੂੰ ਨਹੀਂ ਸਮਝਿਆ; ਵਿਸ਼ਨੂ ਤੇ ਲੱਛਮੀ ਨੇ ਭੀ ਤੇਰਾ ਅੰਤ ਨਹੀਂ ਪਾਇਆ। ੩।

ਕਬੀਰ ਆਖਦਾ ਹੈ— (ਬਾਕੀ ਸਾਰੀ ਸ੍ਰਿਸ਼ਟੀ ਦੇ ਲੋਕ ਪ੍ਰਭੂ ਨੂੰ ਛੱਡ ਕੇ ਹੋਰ ਹੋਰ ਪਾਸੇ ਭਟਕਦੇ ਰਹੇ) ਇੱਕ ਉਹ ਮਨੁੱਖ ਭਟਕਦਾ ਨਹੀਂ, ਜੋ (ਸੰਤਾਂ ਦੀ) ਚਰਨੀਂ ਲੱਗ ਕੇ ਪਰਮਾਤਮਾ ਦੀ ਸ਼ਰਨ ਵਿੱਚ ਟਿਕਿਆ ਰਹਿੰਦਾ ਹੈ। ੪। ੧।

ਸ਼ਬਦ ਦਾ ਭਾਵ : —ਅੱਨ ਪੂਜਾ ਛੱਡ ਕੇ ਇੱਕ ਪਰਮਾਤਮਾ ਦਾ ਹੀ ਭਜਨ ਕਰੋ। ਬ੍ਰਹਮਾ, ਸ਼ਿਵ, ਵਿਸ਼ਨੂ, ਇੰਦਰ ਆਦਿਕ ਅਤੇ ਉਹਨਾਂ ਦੇ ਸੇਵਕ ਪਰਮਾਤਮਾ ਦਾ ਅੰਤ ਨਾਹ ਪਾ ਸਕੇ। ੧।

ਇਸ ਪਾਵਨ ਸ਼ਬਦ ਅੰਦਰ ਬਾਬਾ ਕਬੀਰ ਸਾਹਿਬ ਜੀ ਨੇਂ ਤਾਂ ਗੱਲ ਹੀ ਖਤਮ ਕਰ ਦਿੱਤੀ ਹੈ ਕਿ ਬ੍ਰਹਮਾਂ, ਜਾਂ ਉਸਦੇ ਪੁੱਤਰ, ਸ਼ੇਸ਼ਨਾਗ, ਵਿਸ਼ਨੂੰ ,

ਸ਼ਿਵ ਜੀ, ਲਕਸ਼ਮੀਂ, ਚਾਰੇ ਵੇਦ, ਸਿਮ੍ਰਤੀਆਂ, ਪੁਰਾਨਾਂ, ਅਤੇ ਗੱਲ ਕੀ ਕਿ ਇਹਨਾਂ ਚੰਦ ਕੁ ਸ਼ਬਦਾਂ ਅੰਦਰ ਬਾਬਾ ਜੀ ਨੇਂ ਸਾਰੇ ਹਿੰਦੂ ਮੱਤ ਦੇ ਅਵਤਾਰਾਂ ਦਾ ਹੀ ਖਾਤਮਾਂ ਕਰ ਦਿੱਤਾ ਹੈ। ਇਸਤੋਂ ਅੱਗੇ ਜਰਾ ਇਹਨਾਂ ਸ਼ਬਦਾਂ ਉਤੇ ਵੀ ਝਾਤ ਮਾਰਕੇ ਦੇਖੋ ਕਿ ਅਸਲੀਅਤ ਕੀ ਹੈ............ ਗੋਂਡ॥ ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥ ੧॥ ਹਉ ਤਉ ਏਕੁ ਰਮਈਆ ਲੈ ਹਉ॥ ਆਨ ਦੇਵ ਬਦਲਾਵਨਿ ਦੈ ਹਉ॥ ੧॥ ਰਹਾਉ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੂ ਢਮਕਾਵੈ॥ ੨॥ ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ੩॥ ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥ ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥ ੫॥ ੨॥ ੬॥ {ਪੰਨਾ ੮੭੪}

ਨੋਟ : —ਅਖ਼ੀਰਲੀ ਤੁਕ ਵਿੱਚ ਸੰਬੋਧਨ ਕਰ ਕੇ ਜਿਸ "ਮੀਤ" ਨੂੰ ਨਾਮਦੇਵ ਜੀ ਇਸ ਸ਼ਬਦ ਦੀ ਰਾਹੀਂ ਭੈਰਉ, ਸ਼ਿਵ, ਮਹਾ ਮਾਈ ਆਦਿਕ ਦੀ ਪੂਜਾ ਵਲੋਂ ਵਰਜਦੇ ਹਨ ਉਹ ਕੋਈ 'ਪੰਡਤ' ਜਾਪਦਾ ਹੈ, ਕਿਉਂਕਿ ਉਸ ਦਾ ਧਿਆਨ ਉਸ ਦੇ ਆਪਣੇ ਹੀ ਧਰਮ-ਪੁਸਤਕ 'ਗੀਤਾ' ਵਲ ਭੀ ਦਿਵਾਉਂਦੇ ਹਨ।

ਅਰਥ : —ਜੋ ਮਨੁੱਖ ਭੈਰੋਂ ਵਲ ਜਾਂਦਾ ਹੈ (ਭਾਵ, ਜੋ ਭੈਰੋਂ ਦੀ ਅਰਾਧਨਾ ਕਰਦਾ ਹੈ) ਉਹ (ਵਧ ਤੋਂ ਵਧ ਭੈਰੋਂ ਵਰਗਾ ਹੀ) ਭੂਤ ਬਣ ਜਾਂਦਾ ਹੈ। ਜੋ ਸੀਤਲਾ ਨੂੰ ਅਰਾਧਦਾ ਹੈ ਉਹ (ਸੀਤਲਾ ਵਾਂਗ) ਖੋਤੇ ਦੀ ਸਵਾਰੀ ਕਰਦਾ ਹੈ ਤੇ (ਖੋਤੇ ਦੇ ਨਾਲ) ਸੁਆਹ ਹੀ ਉਡਾਉਂਦਾ ਹੈ। ੧।

(ਹੇ ਪੰਡਤ !) ਮੈਂ ਤਾਂ ਇੱਕ ਸੋਹਣੇ ਰਾਮ ਦਾ ਨਾਮ ਹੀ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ਨੂੰ ਉਸ ਨਾਮ ਦੇ ਵੱਟੇ ਵਿੱਚ ਦੇ ਦਿਆਂਗਾ, (ਭਾਵ, ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਭੀ ਦੇਵੀ ਦੇਵਤੇ ਦੀ ਲੋੜ ਨਹੀਂ ਹੈ) ।੧। ਰਹਾਉ।

ਜੋ ਮਨੁੱਖ ਸ਼ਿਵ ਦਾ ਨਾਮ ਜਪਦਾ ਹੈ ਉਹ (ਵਧ ਤੋਂ ਵਧ ਜੋ ਕੁੱਝ ਹਾਸਲ ਕਰ ਸਕਦਾ ਹੈ ਇਹ ਹੈ ਕਿ ਸ਼ਿਵ ਦਾ ਰੂਪ ਲੈ ਕੇ, ਸ਼ਿਵ ਦੀ ਸਵਾਰੀ) ਬਲਦ ਉੱਤੇ ਚੜ੍ਹਦਾ ਹੈ ਤੇ (ਸ਼ਿਵ ਵਾਂਗ) ਡਮਰੂ ਵਜਾਉਂਦਾ ਹੈ ।੨।

ਜੋ ਮਨੁੱਖ ਪਾਰਬਤੀ ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਬਣ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਰੂਪ ਹੀ ਬਣ ਸਕਦਾ ਹੈ) ।੩।

ਹੇ ਭਵਾਨੀ ! ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ, ਕਿੱਥੇ ਲੁਕੀ ਰਹਿੰਦੀ ਹੈਂ (ਭਾਵ, ਮੁਕਤੀ ਭਵਾਨੀ ਪਾਸ ਭੀ ਨਹੀਂ ਹੈ) ।੪।

ਸੋ, ਨਾਮਦੇਵ ਬੇਨਤੀ ਕਰਦਾ ਹੈ—ਹੇ ਮਿੱਤਰ (ਪੰਡਤ !) ਸਤਿਗੁਰੂ ਦੀ ਸਿੱਖਿਆ ਲੈ ਕੇ ਪਰਮਾਤਮਾ ਦੇ ਨਾਮ ਦੀ ਓਟ ਲੈ, (ਤੁਹਾਡੀ ਧਰਮ-ਪੁਸਤਕ) ਗੀਤਾ ਭੀ ਇਹੀ ਆਖਦੀ ਹੈ ।੫।੨।੬।

ਸ਼ਬਦ ਦਾ ਭਾਵ : —ਪੂਜਾ ਕਰ ਕੇ ਮਨੁੱਖ ਵਧ ਤੋਂ ਵਧ ਆਪਣੇ ਪੂਜਯ ਦਾ ਰੂਪ ਹੀ ਬਣ ਸਕਦਾ ਹੈ; ਸੰਸਾਰ-ਸਮੁੰਦਰ ਤੋਂ ਮੁਕਤੀ ਦਿਵਾਉਣੀ ਕਿਸੇ ਦੇਵੀ ਦੇਵਤੇ ਦੇ ਹੱਥ ਨਹੀਂ; ਇਸ ਵਾਸਤੇ ਪਰਮਾਤਮਾ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ, ਪ੍ਰਭੂ ਹੀ ਮੁਕਤੀ-ਦਾਤਾ ਹੈ ।

ਇਸਤੋਂ ਅੱਗੇ ਜੋ ਸ਼ਬਦ ਦਿੱਤਾ ਜਾ ਰਿਹਾ ਹੈ ਉਹ ਪੜ੍ਹਨ ਤੋਂ ਬਾਅਦ ਤਾਂ ਬਿਲਕੁੱਲ ਹੀ ਇਹ ਪਤਾ ਲੱਗ ਜਾਂਦਾ ਹੈ ਕਿ ਹਿੰਦੂ ਮੱਤ ਜਾਂ ਹਿੰਦੂਆਂ ਦੇ ਅਵਤਾਰਾਂ ਦੀ ਗੁਰੂਬਾਣੀਂ ਵਿੱਚ ਕੋਈ ਵੀ ਜਗਾ ਨਹੀਂ ਹੈ ਜਰ੍ਹਾ ਧਿਆਨ ਨਾਲ ਇਹਨਾਂ ਸ਼ਬਦਾਂ ਦੀ ਵੀਚਾਰ ਕਰੋ......

ਬਿਲਾਵਲੁ ਗੋਂਡ।। ਆਜੁ ਨਾਮੇ ਬੀਠਲੁ ਦੇਖਿਆ, ਮੂਰਖ ਕੋ ਸਮਝਾਊ ਰੇ।। ਰਹਾਉ।। ਪਾਂਡੇ ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ।। ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ।। ੧।। ਪਾਂਡੇ ਤੁਮਰਾ ਮਹਾਦੇਉ, ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ।। ਮੋਦੀ ਕੇ ਘਰ ਖਾਣਾ ਪਾਕਾ, ਵਾ ਕਾ ਲੜਕਾ ਮਾਰਿਆ ਥਾ।। ੨।। ਪਾਂਡੇ ਤੁਮਰਾ ਰਾਮਚੰਦੁ, ਸੋ ਭੀ ਆਵਤੁ ਦੇਖਿਆ ਥਾ।। ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ।। ੩।। ਹਿੰਦੂ ਅੰਨ੍ਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।। ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ।। ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ।। ੪।। ੩।। ੭।। {ਪੰਨਾ ੮੭੪-੮੭੫}

ਨੋਟ : —ਕਈ ਵਿਦਵਾਨ ਸੱਜਣ ਖ਼ਿਆਲ ਕਰਦੇ ਹਨ ਕਿ ਭਗਤ ਨਾਮਦੇਵ ਜੀ ਨੇ ਇਸ ਸ਼ਬਦ ਵਿੱਚ 'ਹਾਸ-ਰਸ' ਵਰਤਿਆ ਹੈ । ਪਰ, ਸੱਚਾਈ ਬਿਆਨ ਕਰ ਕੇ ਕਿਸੇ ਕੁਰਾਹੇ ਜਾਂਦੇ ਨੂੰ ਰਾਹ ਦੱਸਣਾ ਹੋਰ ਗੱਲ ਹੈ, ਤੇ ਕਿਸੇ ਦੇ ਧਾਰਮਿਕ ਜਜ਼ਬਿਆਂ ਨੂੰ ਮਖ਼ੌਲ ਕਰ ਕੇ ਠੋਕਰ ਲਾਣੀ ਬੜਾ ਦੁਖਦਾਈ ਕੰਮ ਹੈ । ਇਹ ਗੱਲ ਮੰਨੀ ਨਹੀਂ ਜਾ ਸਕਦੀ ਕਿ ਭਗਤ ਜੀ ਇਉਂ ਕਿਸੇ ਦਾ ਦਿਲ ਦੁਖਾ ਸਕਦੇ ਸਨ, ਜਾਂ, ਅਜਿਹੇ ਦੁਖਾਵੇਂ ਵਾਕ ਨੂੰ ਸਤਿਗੁਰੂ ਜੀ ਉਸ 'ਬਾਣੀ-ਬੋਹਿਥ' ਵਿੱਚ ਦਰਜ ਕਰਦੇ ਜੋ ਸਿੱਖ ਦੇ ਜੀਵਨ ਦਾ ਆਸਰਾ ਹੈ । ਇਹ ਆਖਣਾ ਕਿ 'ਹਾਸ-ਰਸ' ਦੀ ਰਾਹੀਂ ਵੱਡੇ ਵੱਡੇ ਦੇਵਤਿਆਂ ਦੇ ਵੱਡੇ ਵੱਡੇ ਕੰਮਾਂ ਨੂੰ ਪਰਮਾਤਮਾ ਦੀ ਵਡਿਆਈ ਦੇ ਸਾਹਮਣੇ ਤੁੱਛ ਪਰਗਟ ਕੀਤਾ ਹੈ, ਫਬਦਾ ਨਹੀਂ ਹੈ । ਕਿਸੇ ਮੁੰਡੇ ਨੂੰ ਮਾਰ ਦੇਣਾ ਕੋਈ ਵੱਡਾ ਕੰਮ ਨਹੀਂ ਹੈ; ਆਪਣੀ ਇਸਤ੍ਰੀ ਗਵਾ ਲੈਣੀ ਕੋਈ ਵੱਡਾ ਕੰਮ ਨਹੀਂ, ਤੇ ਟੰਗ ਤੁੜਾ ਲੈਣੀ ਕੋਈ ਫ਼ਖ਼ਰ ਦੀ ਗੱਲ ਨਹੀਂ ਹੈ । ਫਿਰ, ਇਹਨਾਂ, 'ਵੱਡੇ ਕੰਮਾਂ' ਦੇ ਟਾਕਰੇ ਤੇ ਪਰਮਾਤਮਾ ਦੇ ਕਿਸੇ ਭੀ ਵੱਡੇ ਕੰਮ ਦਾ ਇੱਥੇ ਕੋਈ ਜ਼ਿਕਰ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੀ ਜਿੰਦ ਦਾ ਸਹਾਰਾ ਸਮਝਣ ਵਾਲੇ ਸਿੱਖ ਨੇ ਤਾਂ ਇਹ ਵੇਖਣਾ ਹੈ ਕਿ ਉਸ ਨੂੰ ਇਹ ਸ਼ਬਦ ਪੜ੍ਹਦਿਆਂ ਕੀਹ ਸਹਾਰਾ ਮਿਲਦਾ ਹੈ, ਕਿਹੜਾ ਚਾਨਣ ਮਿਲਦਾ ਹੈ । ਕਿਸੇ ਦੇ ਧਾਰਮਿਕ ਜਜ਼ਬੇ ਨੂੰ ਮਖ਼ੌਲ ਕਰ ਕੇ ਉਸ ਦੇ ਦਿਲ ਨੂੰ ਠੋਕਰ ਮਾਰਨੀ ਧਰਮ ਦਾ ਮਾਰਗ ਨਹੀਂ ਹੋ ਸਕਦਾ । ਸਾਨੂੰ ਇਸ ਵਿਚੋਂ ਸੱਚਾਈ ਦੀ ਕਿਰਨ ਦੀ ਲੋੜ

ਹੈ; ਸਾਨੂੰ ਇਸ ਵਿਚੋਂ ਉਸ ਉੱਚ-ਉਡਾਰੀ ਦੀ ਲੋੜ ਹੈ ਜੋ ਸਾਨੂੰ ਭੀ ਉੱਚਾ ਕਰ ਸਕੇ। ਅਸਾਂ ਕਿਸੇ ਉੱਤੇ ਮਖ਼ੌਲ ਉਡਾ ਕੇ ਹੀ ਇਹ ਨਹੀਂ ਫ਼ਰਜ਼ ਕਰ ਲੈਣਾ ਕਿ ਇਸ ਸ਼ਬਦ ਵਿੱਚੋਂ ਸਾਨੂੰ ਜੀਵਨ-ਰਾਹ ਲੱਭ ਪਿਆ ਹੈ।

ਜੋ ਕਿਸੇ ਮੁਕੰਮਲ ਸ਼ਬਦ ਨੂੰ ਇੱਕ ਖਿੜਿਆ ਹੋਇਆ ਸੁੰਦਰ ਫੁੱਲ ਮਿਥ ਲਈਏ, ਤਾਂ 'ਰਹਾਉ' ਦੀ ਤੁਕ ਉਸ ਫੁੱਲ ਦਾ ਮਕਰੰਦ ਹੁੰਦਾ ਹੈ। 'ਰਹਾਉ' ਵਿੱਚ ਉਹ ਕੇਂਦਰੀ ਰਮਜ਼ ਹੋਇਆ ਕਰਦੀ ਹੈ, ਜਿਸ ਦਾ ਵਿਕਾਸ ਸਾਰੇ ਸ਼ਬਦ ਵਿੱਚ ਕੀਤਾ ਜਾਂਦਾ ਹੈ। ਇਸੇ ਨਿਯਮ ਨੂੰ ਜੇ ਇਸ ਸ਼ਬਦ ਵਿੱਚ ਭੀ ਗਹੁ ਨਾਲ ਵਰਤਾਂਗੇ, ਤਾਂ ਉਹ ਸੁਗੰਧੀ ਜੋ ਇਸ ਰਹਾਉ-ਮਕਰੰਦ ਵਿੱਚ ਲੁਕੀ ਪਈ ਹੈ, ਸਾਰੇ ਖਿੜੇ ਫੁੱਲ ਵਿਚੋਂ ਮਹਿਕ ਦੇਣ ਲੱਗ ਪਏਗੀ, ਸਾਰੀ ਰਮਜ਼ ਖੁਲ੍ਹ ਜਾਇਗੀ। ਸ਼ਬਦ ਦੇ ਤਿੰਨ ਬੰਦਾਂ ਵਿੱਚ ਕਿਸੇ ਪਾਂਡੇ ਨੂੰ ਸੰਬੋਧਨ ਕਰ ਰਹੇ ਹਨ। ਸੋ, 'ਰਹਾਉ' ਵਿੱਚ ਵਰਤਿਆ ਲਫ਼ਜ਼ 'ਰੇ' ਭੀ ਉਸ ਪਾਂਡੇ ਵਾਸਤੇ ਹੀ ਹੈ। ਇਸ ਤੁਕ ਵਿੱਚ ਪਾਂਡੇ ਨੂੰ ਆਪਣਾ ਹਾਲ ਦੱਸਦੇ ਹਨ ਕਿ ਮੈਂ ਤਾਂ 'ਬੀਠੁਲ' ਦਾ ਦੀਦਾਰ ਕਰ ਲਿਆ ਹੈ, ਪਰ ਨਾਲ ਹੀ ਉਸ ਨੂੰ ਇਹ ਚੇਤਾ ਭੀ ਕਰਾਂਦੇ ਹਨ ਕਿ ਤੂੰ ਤਾਂ ਮੂਰਖ ਹੀ ਰਹਿਓਂ, ਤੈਨੂੰ ਦੀਦਾਰ ਨਾ ਹੋਇਆ। ਬਾਕੀ ਸਾਰੇ ਸ਼ਬਦ ਵਿੱਚ ਪਾਂਡੇ ਨੂੰ ਉਸ ਦੀਆਂ ਉਕਾਈਆਂ ਸਮਝਾ ਰਹੇ ਹਨ, ਜਿਨ੍ਹਾਂ ਨੇ ਉਸ ਨੂੰ ਬੀਠਲ ਦਾ ਦਰਸ਼ਨ ਕਰਨ ਨਹੀਂ ਦਿੱਤਾ।

ਇੱਥੇ ਇੱਕ ਹੋਰ ਸੁਆਦਲੀ ਗੱਲ ਭੀ ਵੇਖਣ ਵਾਲੀ ਹੈ। ਜੇ ਨਾਮਦੇਵ ਜੀ ਦਾ 'ਬੀਠਲ' ਕਿਸੇ ਮੰਦਰ ਵਿੱਚ ਸਥਾਪਨ ਕੀਤਾ ਹੁੰਦਾ, ਤਾਂ ਉਸ ਮੰਦਰ ਵਿੱਚ ਰਹਿਣ ਵਾਲੇ 'ਪਾਂਡੇ' ਨੂੰ ਤਾਂ ਉਸ ਦਾ ਦਰਸ਼ਨ, ਜਦ ਉਹ ਚਾਹੁੰਦਾ, ਹੋ ਸਕਦਾ ਸੀ, ਕਿਉਂਕਿ ਪਾਂਡਾ ਉੱਚੀ ਜਾਤ ਦਾ ਸੀ। ਪਰ ਸ਼ੂਦਰ ਨਾਮਦੇਵ ਨੂੰ 'ਬੀਠੁਲ' ਦਾ ਦਰਸ਼ਨ ਕਿਵੇਂ ਹੋਇਆ ? ਇਸ ਨੂੰ ਤਾਂ ਸ਼ੂਦਰ ਹੋਣ ਕਰਕੇ ਸਗੋਂ ਧੱਕੇ ਪੈ ਸਕਦੇ ਹਨ। ਪਰ ਅਸਲ ਗੱਲ ਇਹ ਹੈ ਕਿ ਨਾਮਦੇਵ ਦਾ 'ਬੀਠਲ' ਕਿਸੇ ਮੰਦਰ ਵਿੱਚ ਬਿਠਾਇਆ ਹੋਇਆ ਬੀਠਲ ਨਹੀਂ ਸੀ, ਉਹ 'ਬੀਠਲ' ਉਹ ਸੀ "ਜਹ ਦੇਹੁਰਾ ਨ ਮਸੀਤਿ" । ਕੀ ਅਜੇ ਭੀ ਕੋਈ ਸ਼ੱਕ ਰਹਿ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਕਿਸੇ ਮੰਦਰ-ਵਿਚ-ਥਾਪੇ ਹੋਏ 'ਬੀਠਲ' ਦੇ ਪੁਜਾਰੀ ਨਹੀਂ ਸਨ ? ਉਹ ਤਾਂ ਸਗੋਂ ਮੰਦਰ ਵਿੱਚ ਟਿਕਾਏ ਹੋਏ ਬੀਠਲ ਦੀ ਪੂਜਾ ਕਰਨ ਵਾਲੇ ਪਾਂਡੇ ਨੂੰ ਕਹਿ ਰਹੇ ਹਨ ਕਿ ਤੂੰ ਮੂਰਖ ਹੀ ਰਹਿਓਂ, ਤੈਨੂੰ ਅਜੇ ਤਕ ਬੀਠਲ ਦੇ ਦਰਸ਼ਨ ਹੀ ਨਹੀਂ ਹੋ ਸਕੇ।

ਪਾਂਡੇ ਨੂੰ 'ਬੀਠਲ' ਦੇ ਦਰਸ਼ਨ ਕਿਉਂ ਨਹੀਂ ਹੋ ਸਕੇ ? ਇਸ ਦਾ ਉੱਤਰ ਸ਼ਬਦ ਦੇ ਸਾਰੇ 'ਬੰਦਾਂ' ਵਿੱਚ ਹੈ। ਮੁੱਖ ਗੱਲ ਇਹ ਕਹੀ ਹੈ ਕਿ ਪਾਂਡਾ ਅੰਨ੍ਹਾ ਹੈ ਇਸ ਦੀਆਂ ਦੋਵੇਂ ਅੱਖਾਂ ਬੰਦ ਹਨ। ਗਿਆਨ-ਦਾਤਾ ਗੁਰੂ ਦੇ ਲੜ ਲੱਗਣਾ—ਇਹ ਹੈ ਆਤਮਕ ਤੌਰ ਤੇ ਸੁਜਾਖੇ ਬੰਦੇ ਦੀ ਇੱਕ ਅੱਖ; ਪਰਮਾਤਮਾ ਦਾ ਸਹੀ ਸਰੂਪ—ਇਹ ਹੈ ਦੂਜੀ ਅੱਖ। ਪਾਂਡੇ ਨੇ ਗਿਆਨ ਪਰਾਪਤ ਕਰਨ ਲਈ ਗਾਇਤ੍ਰੀ ਦਾ ਪਵਿੱਤਰ ਜਾਪ ਕੀਤਾ, ਮਹਾਦੇਵ ਦੀ ਓਟ ਲਈ, ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਤੇ ਢੱਠਾ; ਪਰ ਇਹਨਾਂ ਵਿਚੋਂ ਕਿਸੇ ਦੇ ਭੀ ਲੜ ਨਾ ਲੱਗਾ, ਕਿਸੇ ਉੱਤੇ ਭੀ ਸ਼ਰਧਾ ਨਾ ਬਣਾਈ, ਸਗੋਂ ਇਹਨਾਂ ਬਾਰੇ ਅਜਿਹੀਆਂ ਕਹਾਣੀਆਂ ਘੜ ਲਈਆਂ ਕਿ ਪੂਰਨ ਸ਼ਰਧਾ ਬਣ ਹੀ ਨਾ ਸਕੇ। ਲਫ਼ਜ਼ ਗਾਇਤ੍ਰੀ ਮਹਾਦੇਵ ਅਤੇ ਰਾਮ ਚੰਦ ਨਾਲ ਵਰਤੇ ਲਫ਼ਜ਼ 'ਤੁਮਰੀ' ਅਤੇ 'ਤੁਮਰਾ' ਖ਼ਾਸ ਤੌਰ ਤੇ ਸਮਝਣ-ਯੋਗ ਹਨ। ਭਾਵ ਇਹ ਹੈ ਕਿ ਹੇ ਪਾਂਡੇ ! ਜਿਸ ਗਾਇਤ੍ਰੀ ਆਦਿਕ ਨੂੰ 'ਤੂੰ' ਆਪਣਾ ਗਿਆਨ-ਦਾਤਾ ਕਹਿੰਦਾ ਹੈਂ, ਉਸ ਵਿੱਚ 'ਤੂੰ ਆਪ ਹੀ' ਨੁਕਸ ਦੱਸੀ ਜਾ ਰਿਹਾ ਹੈਂ। ਫਿਰ ਤੇਰਾ ਸਿਦਕ ਕਿਵੇਂ ਬੱਝੇ ? ਇਹ ਗਿਆਨ ਦੀ ਅੱਖ ਗਈ। ਦੂਜੀ ਦਾ ਭੀ ਇਹੀ ਹਾਲ ਹੋਇਆ। 'ਬੀਠਲ' ਸੀ, ਮਾਇਆ ਤੋਂ ਪਰੇ ਅਤੇ ਸਰਬ-ਵਿਆਪਕ ਪਰ, ਪਾਂਡੇ ਨੇ ਉਸ ਨੂੰ ਮੰਦਰ ਵਿੱਚ ਕੈਦ ਕਰ ਦਿੱਤਾ; ਸਿਰਫ਼ ਉਸ ਮੂਰਤੀ ਨੂੰ ਬੀਠਲ ਸਮਝਿਆ ਜੋ ਮੰਦਰ ਵਿੱਚ ਸੀ, ਸੰਸਾਰ ਵਿੱਚ ਵੱਸਦਾ ਬੀਠਲ ਉਸ ਨੂੰ ਨਾ ਦਿੱਸਿਆ।

ਤੁਰਕ ਇਸ ਗੱਲੋਂ ਕੁੱਝ ਬਚਿਆ ਰਿਹਾ। ਇਸ ਨੇ ਹਜ਼ਰਤ ਮੁਹੰਮਦ ਸਾਹਿਬ ਵਿੱਚ ਪੂਰਾ ਸਿਦਕ ਬਣਾਇਆ ਹੈ। ਪਰ ਇੱਕ ਉਕਾਈ ਇਹ ਭੀ ਖਾ ਗਿਆ, ਇਸ ਨੇ ਮਸਜਿਦ ਨੂੰ ਹੀ ਰੱਬ ਦਾ ਘਰ ਸਮਝ ਲਿਆ ਹੈ, ਇਸ ਨੇ ਨਿਰੇ ਕਾਹਬੇ ਵਿੱਚ ਹੀ ਰੱਬ ਨੂੰ ਵੇਖਣ ਦੀ ਕੋਸ਼ਸ਼ ਕੀਤੀ ਹੈ। ਸੋ, ਇੱਕ ਅੱਖੋਂ ਕਾਣਾ ਰਹਿ ਗਿਆ।

ਗੁਰੂ ਨਾਨਕ ਸਹਿਬ ਨੂੰ ਭਲਾ ਇਹ ਸ਼ਬਦ ਕਿਉਂ ਪਿਆਰਾ ਲੱਗਾ ? ਉਹਨਾਂ ਭਗਤ ਜੀ ਦੇ ਵਤਨ ਤੋਂ ਇਹ ਸਾਂਭ ਕੇ ਕਿਉਂ ਲਿਆਂਦਾ ? ਹੁਣ ਉੱਪਰਲੀ ਵਿਚਾਰ ਦੇ ਸਾਹਮਣੇ ਉੱਤਰ ਸਪੱਸ਼ਟ ਹੈ— (੧) ਗੁਰੂ (ਗ੍ਰੰਥ ਸਾਹਿਬ) ਦੀ ਬਾਣੀ ਸਿੱਖ ਦੇ ਜੀਵਨ ਦਾ ਆਸਰਾ ਹੈ, ਪਰ ਇਸ ਵਿੱਚ ਕਿਤੇ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਫ਼ਲਾਣਾ ਸ਼ਬਦ ਤਾਂ ਸਾਨੂੰ ਨਹੀਂ ਜੱਚਦਾ; (੨) ਜੇ ਪਾਂਡੇ ਦੇ ਮਹਾਦੇਵ ਵਾਂਗ ਸਿੱਖ ਨੇ ਭੀ ਆਪਣੇ ਪ੍ਰੀਤਮ ਗੁਰੂ ਨੂੰ ਸਰਾਪ ਦੇਣ ਵਾਲਾ ਮੰਨ ਲਿਆ; ਤਾਂ ਜਿਵੇਂ ਪਾਂਡਾ ਮਹਾਦੇਵ ਨੂੰ ਪੂਜਦਾ ਤਾਂ ਹੈ ਪਰ ਉਸ ਪਾਸੋਂ ਕੰਬਦਾ ਫਿਰ ਭੀ ਰਹਿੰਦਾ ਹੈ ਕਿ ਕਿਤੇ ਸ੍ਰਾਪ ਨਾ ਮਿਲ ਜਾਏ, ਸਿੱਖ ਦਾ ਭੀ ਇਹੀ ਹਾਲ ਰਹੇਗਾ, ਗੁਰੂ ਦੇ ਚਰਨਾਂ ਤੋਂ ਰੀਝ ਨਾਲ ਸਦਕੇ ਨਹੀਂ ਹੋ ਸਕੇਗਾ, ਕਿਉਂਕਿ ਉਸ ਨੂੰ ਇਹੀ ਡਰ ਰਹੇਗਾ ਕਿ ਗੁਰੂ ਗੁੱਸੇ ਵਿੱਚ ਆ ਕੇ ਸ੍ਰਾਪ ਦੇ ਸਕਦਾ ਹੈ; (੩) ਸਿੱਖ ਦਾ ਪੂਜਯ ਅਕਾਲ ਪੁਰਖ ਹਰ ਥਾਂ ਹੈ, ਤੇ ਸਿੱਖ ਦਾ ਤੀਰਥ ਉਸ ਦਾ ਆਪਣਾ ਹਿਰਦਾ ਹੈ, ਜਿੱਥੇ ਨਿਤ ਜੁੜ ਕੇ ਸਿੱਖ ਇਸ਼ਨਾਨ ਕਰਦਾ ਹੈ ।

ਅਰਥ : —ਹੇ ਪਾਂਡੇ ! ਮੈਂ ਤਾਂ ਇਸੇ ਜਨਮ ਵਿੱਚ ਪਰਮਾਤਮਾ ਦਾ ਦਰਸ਼ਨ ਕਰ ਲਿਆ ਹੈ (ਪਰ ਤੂੰ ਮੂਰਖ ਹੀ ਰਹਿਓਂ, ਤੈਨੂੰ ਦਰਸ਼ਨ ਨਹੀਂ ਹੋਇਆ; ਆ) ਮੈਂ (ਤੈਨੂੰ) ਮੂਰਖ ਨੂੰ ਸਮਝਾਵਾਂ (ਕਿ ਤੈਨੂੰ ਦਰਸ਼ਨ ਕਿਉਂ ਨਹੀਂ ਹੁੰਦਾ) ।੧। ਰਹਾਉ।

ਹੇ ਪਾਂਡੇ ! (ਪਹਿਲਾਂ ਤਾਂ ਜਿਸ ਗਾਇਤ੍ਰੀ ਦਾ ਤੂੰ ਪਾਠ ਕਰਦਾ ਹੈਂ ਉਸ ਉੱਤੇ ਤੇਰੀ ਸ਼ਰਧਾ ਨਹੀਂ ਬਣ ਸਕਦੀ, ਕਿਉਂਕਿ) ਤੇਰੀ ਗਾਇਤ੍ਰੀ (ਉਹ ਹੈ ਜਿਸ ਬਾਰੇ ਤੂੰ ਆਪ ਹੀ ਆਖਦਾ ਹੈਂ ਕਿ ਇੱਕ ਵਾਰੀ ਸ੍ਰਾਪ ਦੇ ਕਾਰਨ ਗਊ ਦੀ ਜੂਨ ਵਿੱਚ ਆ ਕੇ ਇਹ) ਇੱਕ ਲੋਧੇ ਜੱਟ ਦੀ ਪੈਲੀ ਖਾਣ ਜਾ ਪਈ, ਉਸ ਨੇ ਸੋਟਾ ਲੈ ਕੇ ਲੱਤ ਤੋੜ ਦਿੱਤੀ ਤਾਂ (ਵਿਚਾਰੀ) ਲੰਙਾ ਲੰਙਾ ਕੇ ਤੁਰਨ ਲੱਗੀ ।੧।

ਹੇ ਪਾਂਡੇ ! (ਫਿਰ ਤੂੰ ਜਿਸ ਸ਼ਿਵ ਜੀ ਦੀ ਅਰਾਧਨਾ ਕਰਦਾ ਹੈਂ ਉਸ ਨੂੰ ਬੜਾ ਕ੍ਰੋਧੀ ਸਮਝਦਾ ਹੈਂ ਤੇ ਆਖਦਾ ਹੈਂ ਕਿ ਗੁੱਸੇ ਵਿੱਚ ਆ ਕੇ ਉਹ ਸ੍ਰਾਪ ਦੇ ਦੇਂਦਾ ਹੈ, ਭਸਮ ਕਰ ਦੇਂਦਾ ਹੈ । ਐਸੇ ਸ਼ਿਵ ਨਾਲ ਤੂੰ ਪਿਆਰ ਕਿਵੇਂ ਕਰ ਸਕਦਾ ਹੈਂ ?) ਤੇਰਾ ਸ਼ਿਵ (ਤਾਂ ਉਹ ਹੈ ਜਿਸ ਬਾਰੇ ਤੂੰ ਆਖਦਾ ਹੈਂ) ਕਿਸੇ ਭੰਡਾਰੀ ਦੇ ਘਰ ਉਸ ਵਾਸਤੇ ਭੋਜਨ ਤਿਆਰ ਹੋਇਆ, ਸ਼ਿਵ ਨੂੰ ਚਿੱਟੇ ਬਲਦ ਉੱਤੇ ਚੜ੍ਹਿਆ ਜਾਂਦਾ ਵੇਖਿਆ, (ਭਾਵ, ਤੂੰ ਦੱਸਦਾ ਹੈਂ ਕਿ ਸ਼ਿਵ ਜੀ ਚਿੱਟੇ ਬਲਦ ਦੀ ਸਵਾਰੀ ਕਰਦੇ ਸਨ) (ਪਰ ਸ਼ਾਇਦ ਉਹ ਭੋਜਨ ਪਸੰਦ ਨਾ ਆਇਆ, ਸ਼ਿਵ ਜੀ ਨੇ ਸ੍ਰਾਪ ਦੇ ਕੇ) ਉਸ ਦਾ ਮੁੰਡਾ ਮਾਰ ਦਿੱਤਾ ।੨।

ਹੇ ਪਾਂਡੇ ! ਤੇਰੇ ਸ੍ਰੀ ਰਾਮ ਚੰਦਰ ਜੀ ਭੀ ਆਉਂਦੇ ਵੇਖੇ ਹਨ (ਭਾਵ, ਜਿਸ ਸ੍ਰੀ ਰਾਮ ਚੰਦਰ ਜੀ ਦੀ ਤੂੰ ਉਪਾਸ਼ਨਾ ਕਰਦਾ ਹੈਂ, ਉਹਨਾਂ ਦੀ ਬਾਬਤ ਭੀ ਤੈਥੋਂ ਇਹੀ ਕੁੱਝ ਅਸਾਂ ਸੁਣਿਆ ਹੈ ਕਿ) ਰਾਵਣ ਨਾਲ ਉਹਨਾਂ ਦੀ ਲੜਾਈ ਹੋ ਪਈ, ਕਿਉਂਕਿ ਉਹ ਵਹੁਟੀ (ਸੀਤਾ ਜੀ) ਗਵਾ ਬੈਠੇ ਸਨ ।੩।

ਨੋਟ : — 'ਰਾਮਾਇਣ' ਅਤੇ 'ਉੱਤਰ ਰਾਮ ਚਰਿਤ੍ਰ' ਆਦਿਕ ਪੁਸਤਕਾਂ ਵਿੱਚ ਕਈ ਦੂਸ਼ਣ ਭੀ ਸ੍ਰੀ ਰਾਮ ਚੰਦਰ ਜੀ ਉੱਤੇ ਆਰੋਪਣ ਕੀਤੇ ਗਏ ਹਨ, ਭਾਵੇਂ ਉਹ ਭਗਤੀ-ਭਾਵ ਵਿੱਚ ਗਲੇਫ਼ੇ ਹੋਏ ਹਨ—ਬਾਲੀ ਨੂੰ ਛਿਪ ਕੇ ਮਾਰਨਾ, ਇੱਕ ਰਾਖ਼ਸ਼ਣੀ ਨੂੰ ਮਾਰਨਾ, ਸੀਤਾ ਜੀ ਨੂੰ ਘਰੋਂ ਕੱਢ ਦੇਣਾ, ਇਤਿਆਦਿਕ । ਇਹ ਦੂਸ਼ਣ ਲਾ ਕੇ ਉਹਨਾਂ ਵਿੱਚ ਪੂਰੀ ਸ਼ਰਧਾ ਰੱਖਣੀ ਅਸੰਭਵ ਹੋ ਜਾਂਦੀ ਹੈ ।

ਸੋ ਹਿੰਦੂ ਦੋਵੇਂ ਅੱਖਾਂ ਗਵਾ ਬੈਠਾ ਹੈ, ਪਰ ਮੁਸਲਮਾਨ ਦੀ ਇੱਕ ਅੱਖ ਹੀ ਖ਼ਰਾਬ ਹੋਈ ਹੈ; ਇਹਨਾਂ ਦੋਹਾਂ ਨਾਲੋਂ ਸਿਆਣਾ ਉਹ ਬੰਦਾ ਹੈ ਜਿਸ ਨੂੰ (ਪ੍ਰਭੂ ਦੀ ਹਸਤੀ ਦਾ ਸਹੀ) ਗਿਆਨ ਹੋ ਗਿਆ ਹੈ । (ਹਿੰਦੂ ਨੇ ਇੱਕ ਅੱਖ ਤਾਂ ਤਦੋਂ ਗਵਾਈ ਜਦੋਂ ਉਹ ਆਪਣੇ ਇਸ਼ਟ ਬਾਰੇ ਸ਼ਰਧਾ-ਹੀਣ ਕਹਾਣੀਆਂ ਘੜਨ ਲੱਗ ਪਿਆ, ਤੇ ਦੂਜੀ ਗਵਾਈ, ਜਦੋਂ ਉਹ ਪਰਮਾਤਮਾ ਨੂੰ ਨਿਰਾ ਮੰਦਰ ਵਿੱਚ ਬੈਠਾ ਸਮਝ ਕੇ) ਮੰਦਰ ਨੂੰ ਪੂਜਣ ਲੱਗ ਪਿਆ, ਮੁਸਲਮਾਨ (ਦੀ ਹਜ਼ਰਤ ਮੁਹੰਮਦ ਸਾਹਿਬ ਵਿੱਚ ਪੂਰੀ ਸ਼ਰਧਾ ਹੋਣ ਕਰਕੇ ਇੱਕ ਅੱਖ ਤਾਂ ਸਾਬਤ ਹੈ ਪਰ ਦੂਜੀ ਗਵਾ ਬੈਠਾ ਹੈ,

ਕਿਉਂਕਿ ਰੱਬ ਨੂੰ ਨਿਰਾ ਮਸਜਿਦ ਵਿੱਚ ਜਾਣ ਕੇ) ਮਸਜਿਦ ਨੂੰ ਹੀ ਰੱਬ ਦਾ ਘਰ ਸਮਝ ਰਿਹਾ ਹੈ। ਮੈਂ ਨਾਮਦੇਵ ਉਸ ਪਰਮਾਤਮਾ ਦਾ ਸਿਮਰਨ ਕਰਦਾ ਹਾਂ ਜਿਸ ਦਾ ਨਾਹ ਕੋਈ ਖ਼ਾਸ ਮੰਦਰ ਹੈ ਤੇ ਨਾ ਮਸਜਿਦ। ੪। ੩। ੭।

ਇਸ ਪਾਵਨ ਸ਼ਬਦ ਅੰਦਰ ਪੂਰੀ ਤਰ੍ਹਾਂ ਹੀ ਬਾਬਾ ਨਾਮਦੇਵ ਜੀ ਨੇਂ ਇਹ ਸਮਝਾ ਦਿੱਤਾ ਹੈ ਕਿ ਜੇਕਰ ਪ੍ਰਭੂ ਜੀ ਦੀ ਪ੍ਰਾਪਤੀ ਕਰਨੀਂ ਹੈ ਤਾਂ ਫਿਰ ਇਹਨਾਂ ਦੇਵੀ ਦੇਵਤਿਆਂ ਦੀ ਆਰਾਧਨਾਂ ਕਰਨ ਦੀ ਕੋਈ ਵੀ ਲੋੜ੍ਹ ਨਹੀਂ ਹੈ ਜੋ ਆਪ ਹੀ ਅਧੂਰੇ ਨੇਂ ਉਹ ਉਸ ਪਰੀ-ਪੂਰਨ ਪ੍ਰਮਾਤਮਾਂ ਤੱਕ ਨਹੀਂ ਪਹੁੰਚਾ ਸਕਦੇ। ਸਾਡੀ ਬਦਕਿਸਮਤੀ ਹੈ ਕਿ ਸਾਨੂੰ ਕਦੇ ਵੀ ਐਸੇ ਸ਼ਬਦ ਰਾਗੀਆਂ ਪਾਸੋਂ ਸੁਣਨ ਨੂੰ ਨਹੀਂ ਮਿਲੇ। ਇਥੋਂ ਤੱਕ ਕਿ ਸ਼੍ਰੀ ਦਰਬਾਰ ਸਾਹਿਬ ਦੇ ਮਾਣਯੋਗ ਰਾਗੀ ਸਾਹਿਬਾਨ ਵੀ ਕੇਵਲ ਚੁਣੇਂ ਮਿਥੇ ਹੋਏ ਚੰਦ ਕੁ ਸ਼ਬਦ ਹੀ ਬਾਰ-ਬਾਰ ਪੜ੍ਹੀ ਜਾ ਰਹੇ ਹਨ। ਮੈਂ ਅੱਜ ਤੱਕ ਕਿਸੇ ਵੀ ਰਾਗੀ ਸਿੰਘ ਪਾਸੋਂ ਐਸੇ ਸ਼ਬਦ ਹੀ ਨਹੀਂ ਸੁਣੇਂ ਜਿਹੜ੍ਹੇ ਸਾਨੂੰ ਬਿਪਰਵਾਦ ਤੇ ਇਹਨਾਂ ਦੇ ਅਵਤਾਰਾਂ ਦੀ ਪੂਜਾ ਤੋਂ ਮਨ੍ਹਾਂ ਕਰਦੇ ਹੋਣ। ਜੋ ਸਾਨੂੰ ਵਹਿਮਾਂ ਭਰਮਾਂ ਵਿੱਚੋਂ ਬਾਹਰ ਰਹਿਣ ਦੀ ਸ਼ਪੱਸ਼ਟ ਤਾਕੀਦ ਕਰਦੇ ਹੋਣ। ਜਿਥੋਂ ਤੱਕ ਦਾਸ ਦਾ ਖਿਆਲ ਹੈ ਜਰੂਰ ਦਰਬਾਰ ਸਾਹਿਬ ਵਿੱਚ ਰਾਗੀਆਂ ਨੂੰ ਉਹ ਸ਼ਬਦ ਪੜ੍ਹਨ ਤੋਂ ਮਨ੍ਹਾਂ ਕੀਤਾ ਗਿਆ ਹੋਵੇਗਾ ਜੋ ਸਿੱਧਾ ਹੀ ਬ੍ਰਾਹਮਣਵਾਦੀ ਸੋਚ ਤੇ ਹਮਲਾ ਕਰਦੇ ਹਨ। ਸ਼ਾਇਦ ਇਹੋ ਹੀ ਕਾਰਨ ਹੈ ਕਿ ਸਿੱਖ ਕੌਮ ਬਰਬਾਦੀ ਦੀਆਂ ਪਉੜ੍ਹੀਆਂ ਲਗਾਤਾਰ ਚੜ੍ਹਦੀ ਜਾ ਰਹੀ ਹੈ। ਸਾਰੇ ਰਾਗੀਆਂ ਪਾਸ ਕੇਵਲ ਗਿਣੇਂ ਮਿਥੇ ਚਾਲੀ-ਪੰਜਾਹ ਕੁ ਹੀ ਸ਼ਬਦ ਹਨ ਜੋ ਉਹ ਬਾਰ-ਬਾਰ ਟਿਊਨਾਂ ਬਦਲ-ਬਦਲ ਕੇ ਗਾਈ ਜਾ ਰਹੇ ਹਨ, ਮੇਰੀ ਬੇਨਤੀ ਹੈ ਰਾਗੀਆਂ ਨੂੰ ਕਿ ਭਾਈ ਤੁਸੀਂ ਕ੍ਰਿਪਾ ਕਰਕੇ ਹੋਰ ਵੀ ਜਿਹੜ੍ਹੇ ਹਜਾਰਾਂ ਸ਼ਬਦ ਹਨ ਉਹ ਵੀ ਗਾ ਲਓ ਤਾਂ ਕਿ ਸਿੱਖ ਕੌਮ ਦਾ ਕੋਈ ਭਲਾ ਹੋ ਜਾਵੇ। ਆਓ ਇਸ ਪਰਥਾਏ ਬਾਬਾ ਕਬੀਰ ਜੀ ਦੇ ਇਹ ਪਾਵਨ ਸ਼ਲੋਕਾਂ ਦੀ ਵੀਚਾਰ ਕਰੀਏ, ਜਿਨ੍ਹਾਂ ਵਿੱਚ ਬਾਬਾ ਜੀ ਨੇਂ ਪੰਡਿਤ ਨੂੰ ਸੱਚ ਦੀ ਸੋਝੀ ਦਿੱਤੀ ਹੈ, ਤੇ ਸਾਨੂੰ ਸਦਾ ਦੇ ਲਈ ਵਾਹਿਗੁਰੂ ਜੀ ਦਾ ਪੱਲਾ ਫੜ੍ਹਨ ਦੀ ਤਾਕੀਦ ਕੀਤੀ ਹੈ, ਆਓ ਇਹਨਾਂ ਗੁਰ ਸ਼ਬਦਾਂ ਦੀ ਵੀਚਾਰ ਕਰੀਏ ਜੀ...

ਕਬੀਰ ਗੁਰੁ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ॥ ਹਰਖ ਸੋਗ ਦਾਝੈ ਨਹੀ, ਤਬ ਹਰਿ ਆਪਹਿ ਆਪ॥ ੧੮੯॥ ਕਬੀਰ ਰਾਮ ਕਹਨ ਮਹਿ ਭੇਦੁ ਹੈ, ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ॥ ੧੯੦॥ ਕਬੀਰ ਰਾਮੈ ਰਾਮ ਕਹੁ, ਕਹਿਬੇ ਮਾਹਿ ਬਿਬੇਕ॥ ਏਕੁ ਅਨੇਕਹਿ ਮਿਲਿ ਗਇਆ, ਏਕ ਸਮਾਨਾ ਏਕ॥ ੧੯੧॥ {੧੩੭੪}

ਅਰਥ: — ਹੇ ਕਬੀਰ! (ਜਨੇਊ ਆਦਿਕ ਪਾ ਕੇ ਹਿੰਦੂ ਸਮਝਦਾ ਹੈ ਕਿ ਮੈਂ ਫਲਾਣੇ ਬ੍ਰਾਹਮਣ ਨੂੰ ਆਪਣਾ ਗੁਰੂ ਧਾਰ ਲਿਆ ਹੈ; ਪਰ) ਤਦੋਂ ਸਮਝੋ ਕਿ ਗੁਰੂ ਮਿਲ ਪਿਆ ਹੈ ਜਦੋਂ (ਗੁਰੂ ਧਾਰਨ ਵਾਲੇ ਮਨੁੱਖ ਦੇ ਦਿਲ ਵਿਚੋਂ) ਮਾਇਆ ਦਾ ਮੋਹ ਦੂਰ ਹੋ ਜਾਏ, ਜਦੋਂ ਸਰੀਰ ਨੂੰ ਸਾੜਨ ਵਾਲੇ ਕਲੇਸ਼ ਮਿਟ ਜਾਣ, ਜਦੋਂ ਹਰਖ ਸੋਗ ਕੋਈ ਭੀ ਚਿੱਤ ਨੂੰ ਨਾਹ ਸਾੜੇ। ਅਜੇਹੀ ਹਾਲਤ ਵਿੱਚ ਅੱਪੜਿਆਂ ਹਰ ਥਾਂ ਪਰਮਾਤਮਾ ਆਪ ਹੀ ਆਪ ਦਿੱਸਦਾ ਹੈ। ੧੮੯।

ਹੇ ਕਬੀਰ! (ਜਨੇਊ ਦੇ ਕੇ ਬ੍ਰਾਹਮਣ ਰਾਮ ਦੀ ਪੂਜਾ-ਪਾਠ ਦਾ ਉਪਦੇਸ਼ ਭੀ ਕਰਦਾ ਹੈ; ਪਰ) ਰਾਮ ਰਾਮ ਆਖਣ ਵਿੱਚ ਭੀ ਫ਼ਰਕ ਪੈ ਜਾਂਦਾ ਹੈ, ਇਸ ਵਿੱਚ ਭੀ ਇੱਕ ਗੱਲ ਸਮਝਣ ਵਾਲੀ ਹੈ। ਇੱਕ ਰਾਮ ਤਾਂ ਉਹ ਹੈ ਜਿਸ ਨੂੰ ਹਰੇਕ ਜੀਵ ਸਿਮਰਦਾ ਹੈ (ਇਹ ਹੈ ਸਰਬ-ਵਿਆਪੀ ਰਾਮ, ਇਸ ਦਾ ਸਿਮਰਨ ਕਰਨਾ ਮਨੁੱਖ ਮਾਤ੍ਰ ਦਾ ਫ਼ਰਜ਼ ਹੈ)। ਪਰ ਇਹੀ ਰਾਮ ਨਾਮ ਰਾਸਧਾਰੀਏ ਭੀ (ਰਾਸਾਂ ਵਿੱਚ ਸਾਂਗ ਬਣਾ ਬਣਾ ਕੇ) ਲੈਂਦੇ ਹਨ (ਇਹ ਰਾਮ ਅਵਤਾਰੀ ਰਾਮ ਹੈ ਤੇ ਰਾਜਾ ਦਸਰਥ ਦਾ ਪੁੱਤਰ ਹੈ, ਇਹੀ ਮੂਰਤੀ-ਪੂਜਾ ਵਿਅਰਥ ਹੈ)। ੧੯੦।


ਹੇ ਕਬੀਰ! ਸਦਾ ਰਾਮ ਦਾ ਨਾਮ ਜਪ, ਪਰ ਜਪਣ ਵੇਲੇ ਇਹ ਗੱਲ ਚੇਤੇ ਰੱਖਣੀ ਕਿ ਇੱਕ ਰਾਮ ਤਾਂ ਅਨੇਕਾਂ ਜੀਵਾਂ ਵਿੱਚ ਵਿਆਪਕ ਹੈ (ਇਸ ਦਾ ਨਾਮ ਜਪਣਾ ਹਰੇਕ ਮਨੁੱਖ ਦਾ ਧਰਮ ਹੈ), ਪਰ ਇੱਕ ਰਾਮ (ਦਰਸਥ ਦਾ ਪੁੱਤਰ) ਸਿਰਫ਼ ਇੱਕ ਸਰੀਰ ਵਿੱਚ ਹੀ ਆਇਆ (ਅਵਤਾਰ ਬਣਿਆ; ਇਸ ਦਾ ਜਾਪ ਕੋਈ ਗੁਣ ਨਹੀਂ ਕਰ ਸਕਦਾ)। ੧੯੧।

ਇਹ ਤਾਂ ਸ਼ਬਦ ਤਾਂ ਕੇਵਲ ਨਾਂ ਮਾਤਰ ਹੀ ਇਥੇ ਦਿੱਤੇ ਜਾ ਰਹੇ ਹਨ ਇਸਤੋਂ ਇਲਾਵਾ ਵੀ ਹੋਰ ਬੇਅੰਤ ਗੁਰੂ ਫੁਰਮਾਨ ਹਨ ਜਿਹਨਾਂ ਤੋਂ ਇਹ ਸਮਝ ਆਉਂਦੀ ਹੈ ਕਿ ਸਿੱਖ ਧਰਮ ਦੇ ਅੰਦਰ ਇਹਨਾਂ ਅਵਤਾਰਾਂ ਜਾਂ ਦੇਵੀ-ਦੇਵਤਿਆਂ ਦੀ ਕੋਈ ਵੀ ਜਗਾ ਨਹੀਂ ਹੈ। ਜਦੋਂ ਗੁਰਬਾਣੀਂ ਸਾਨੂੰ ਬਿਲਕੁੱਲ ਹੀ ਇਹਨਾਂ ਦੀ ਆਰਾਧਨਾਂ ਕਰਨ ਤੋਂ ਵਰਜਦੀ ਹੈ ਤਾਂ ਫਿਰ ਕਿਓਂ ਸਾਡੀ ਕੌਮ ਦੇ ਲੀਡਰ ਓਹ ਸਾਰੇ ਗਲਤ ਕੰਮ ਕਰ ਰਹੇ ਨੇਂ ਜਿਨ੍ਹਾਂ ਕਾਰਨ ਸਿੱਖ ਸਿਧਾਂਤਾਂ ਦਾ ਮਲੀਆਮੇਟ ਹੋ ਰਿਹਾ ਹੈ, ਪਾਠਕਾਂ ਦੀ ਜਾਣਕਾਰੀ ਲਈ ਕੁੱਝ ਤਸਵੀਰਾਂ ਹਾਜਰ ਹਨ......



ਇਹ ਨੇਂ ਸ਼ਾਡੇ ਕੌਮੀਂ ਲੀਡਰ ਬਾਦਲ ਸਾਹਬ (ਅਸਲ ਵਿੱਚ ਸਿੱਖੀ ਤੇ ਮੰਡਰਾ ਰਹੇ ਕਾਲੇ ਬਾਦਲ ਜਿਨ੍ਹਾਂ ਦੀ ਖਤਰਨਾਕ ਸੋਚ ਨੇਂ ਸਿੱਖੀ ਦਾ ਬਹੁਤ ਨੁਕਸਾਨ ਕੀਤਾ ਹੈ)

ਰਾਮ ਚੰਦਰ ਦੀ ਪੂਜਾ ਕਰਦੇ ਹੋਏ। ਜਿਹਨਾਂ ਨੂੰ ਸ਼ਾਇਦ ਗੁਰੂ ਨਾਨਕ ਸਾਹਿਬ ਜੀ ਕੋਲੋਂ ਕੁੱਝ ਨਹੀਂ ਮਿਲਿਆ ਇਸੇ ਕਰਨ ਉਹ ਹੁਣ ਰਾਮ ਚੰਦਰ ਜੀ ਵੱਲ ਤੁਰ ਪਏ ਹਨ। ਸਾਡੇ ਜਥੇਦਾਰ ਸਾਹਬ ਵੀ ਇਸੇ ਬਾਦਲ ਜੀ ਨੂੰ ਪੰਥ ਰਤਨ ਫਖਰੇ ਕੌਮ ਤੇ ਹੁਣ ਤੱਕ ਦਾ ਸਭ ਤੋਂ ਸੱਚਾ ਤੇ ਸੁੱਚਾ ਸਿੱਖ ਮੰਨਦੇ ਹਨ। ਪਰ ਸਿਧਾਂਤਕ ਪੱਖੋਂ ਬਾਦਲ ਸਾਹਬ ਬਿਲਕੁੱਲ ਜੀਰੋ ਹਨ। ਇਸਤੋਂ ਅੱਗੇ ਆ ਜੋ ਦੇਖੋ ਸਾਡੇ ਉਹਨਾਂ ਪ੍ਰਚਾਰਕਾਂ ਦਾ ਹਾਲ ਜੋ ਕਿ ਗਲੇ ਫਾੜ੍ਹ ਫਾੜ੍ਹ ਕੇ ਪੰਥ ਪੰਥ ਕੂਕਦੇ ਹਨ...



राष्ट्रीय सिख संगत की प्रेरणा से सांझीवालता के लिऐ सभी वर्गों एवं संत शिरोमणि बाबा मान सिंह जी (भेवे वाले) के आशीर्वाद से दो दिन के दशमेश पर्व में अमृतसर के भाई साहिब भाई गुरु इकबाल सिंह जी दक्षिण विभाग संयोजक श्री पन्ना लाल जी को सिरोपा भेंट देते हुए साथ है एडवोकेट श्री राकेश महाजन

ਇਹ ਨੇਂ ਸਾਡੀ ਕੌਮ ਦੇ ਧਰੂਤਾਰੇ ਭਾਈ ਗੁਰਇਕਬਾਲ ਸਿੰਘ ਇਹਨਾਂ ਨੇਂ ਵੀ ਆਪਣੇਂ ਗੁਰੂ ਦੇ ਨਾਲ (ਇਹਨਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨਹੀਂ ਹੈ ਬਾਬਾ ਨੰਦ ਸਿੰਘ ਹੈ ਕਿਓਂਕਿ ਇਹ ਆਪਣੇਂ ਪ੍ਰਚਾਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਘੱਟ ਤੇ ਬਾਬਾ ਨੰਦ ਸਿੰਘ ਜੀ ਦੀ ਗੱਲ ਜਿਆਦਾ ਕਰਦੇ ਹਨ) ਸ਼ਾਇਦ ਇਹ ਇਕਬਾਲ ਕਰ ਲਿਆ ਹੈ ਕਿ ਮੈਂ ਹੁਣ ਪੰਥ ਨੂੰ ਬ੍ਰਾਹਮਣ ਦੇ ਸੰਖ ਵਿੱਚ ਪਾਕੇ ਫਿਰ ਮੰਦਰਾਂ ਵਿੱਚ ਪਹੁੰਚਾ ਕੇ ਫਿਰ ਹੀ ਮਰਾਂਗਾ।

ਦੇਖੋ ਆਰ ਐਸ ਐਸ ਦੇ ਸਮਾਗਮਾਂ ਵਿੱਚ ਹਿੱਸਾ ਲੈ ਰਹੇ ਹਨ। ਜਿਹੜੀ ਆਰ ਐਸ ਐਸ ਸਾਨੂੰ ਸਿੱਖਾਂ ਨੂੰ ਹਿੰਦੂਆਂ ਦਾ ਹੀ ਰੂਪ ਸਿੱਧ ਕਰਨ ਤੇ ਲੱਗੀ ਹੋਈ ਹੈ, ਭਲਾ ਇਹ ਮਹਾਂਪੁਰਖ ਇਹਨਾਂ ਦੇ ਸਮਾਗਮਾਂ ਵਿੱਚ ਕੀ ਕਰ ਰਹੇ ਹਨ। ਸ਼ਾਇਦ ਇਹ ਸਾਰੀ ਕੌਮ ਨੂੰ ਇਹ ਦੱਸ ਰਹੇ ਹਨ ਕਿ ਮੈਂ ਵੀ ਇਨ੍ਹਾਂ ਦੇ ਨਾਲ ਹੀ ਹਾਂ ਕਿਓਂਕਿ ਮੈਂ ਇਹਨਾਂ ਦਾ ਹੀ ਪੈਸਾ ਖਾਕੇ ਸੰਗਤਾਂ ਨੂੰ ਗੁਰਬਾਣੀਂ ਤੋਂ ਦੂਰ ਰਹਿਣ ਦੀ ਮਹਾਨ ਪ੍ਰੇਰਨਾਂ ਦੇ ਰਿਹਾ ਹਾਂ। ਕੀ ਇਹ ਦੇਖ ਕੇ ਇਹ ਮਹਿਸੂਸ ਨਹੀਂ ਹੋ ਰਿਹਾ ਕਿ ਵਾਕਿਆ ਹੀ ਸਿੱਖ ਹੀ ਸਿੱਖੀ ਦੇ ਅਸਲ ਦੁਸ਼ਮਨ ਹਨ। ਇਹ ਲੋਕ ਹੀ ਬਾਬਾ ਨਾਨਕ ਜੀ ਦੇ ਵਿਚਾਰਾਂ ਦੀਆਂ ਧੱਜੀਆਂ ਉਡਾ ਰਹੇ ਹਨ। ਸੰਗਤਾਂ ਨੂੰ ਗੁਰਬਾਣੀਂ ਨਾਲੋਂ ਤੋੜ ਕੇ ਕਥਿਤ ਅਸ਼ਲੀਲ ਤੇ ਗੁਰਮਤਿ ਦੇ ਹਰ ਪੱਖੋਂ ਗਲਤ ਚਾਰ ਪੈਰਾਂ ਵਾਲੀ ਦੇਵੀ ਚੌਪਈ ਦੇ ਨਾਲ ਜੋੜ ਰਹੇ ਹਨ। ਇਹਨਾਂ ਦੇ ਇੱਕ ਪ੍ਰਚਾਰਕ ਤੋਂ ਮੈਂ ਇੱਕ ਵਾਰ ਜਲੰਧਰ ਗੁਰੂਦੁਆਰੇ ਲੱਗੇ ਦੀਵਾਨ ਅੰਦਰ ਇਹ ਗੱਲ ਸੁਣੀਂ ਜਿਹਨੂੰ ਕਿ ਉਹ ਬੜ੍ਹੇ ਸੁਆਦਾਂ ਦੇ ਨਾਲ ਸੁਣਾਂ ਰਿਹਾ ਸੀ, ਕਹਿੰਦਾ ਸੰਗਤੋ ਚੌਪਈ ਦੀ ਦੇਖੋ ਕਿੰਨੀ ਮਹਾਨਤਾ ਹੈ ਕਿ ਇੱਕ ਵਾਰ ਅਸੀਂ ਕਲਕੱਤਾ ਗਏ ਤੇ ਇੱਕ ਬਾਜਾਰ ਵਿੱਚ ਅਸੀਂ ਆਪਣੀਂ ਗੱਡੀ ਖੜ੍ਹੀ ਕਰਕੇ ਘੁੰਮਣ ਚਲੇ ਗਏ ਤੇ ਜਦੋਂ ਅਸੀਂ ਕਾਫੀ ਦੇਰ ਦੇ ਬਾਅਦ ਆਪਣੀਂ ਗੱਡੀ ਦੇ ਕੋਲ ਆਏ ਤਾਂ ਕੀ ਦੇਖਿਆ ਕਿ ਉੱਥੇ ਕਾਫੀ ਲੋਕਾਂ ਦੀ ਭੀੜ੍ਹ ਲੱਗੀ ਸੀ, ਤੇ ਜਦੋਂ ਅਸੀਂ ਗੱਡੀ ਦੇ ਲਾਗੇ ਗਏ ਤਾਂ ਲੋਕ ਸਾਨੂੰ ਕਹਿਣ ਲੱਗੇ ਬਾਬਾ ਜੀ ਅੱਜ ਤਾਂ ਕਮਾਲ ਹੀ ਹੋ ਗਈ, ਕਹਿੰਦੇ ਨਗਰ ਨਿਗਮ ਵਾਲੇ ਤੁਹਾਡੀ ਗੱਡੀ ਨੂੰ ਕਰੇਨ ਦੇ ਨਾਲ ਇਥੋਂ ਭੀੜ ਵਿੱਚੋਂ ਹਟਾਉਣ ਲੱਗੇ ਤਾਂ ਉਹਨਾਂ ਕੋਲੋਂ ਤੁਹਾਡੀ ਗੱਡੀ ਹੀ ਨਾਂ ਚੁੱਕੀ ਗਈ। ਉਹਨਾਂ ਬਥੇਰਾ ਜੋਰ ਲਾਇਆ ਪਰ ਆਖਰ ਉਹ ਥੱਕ ਹਾਰ ਕੇ ਇਥੋਂ ਚਲੇ ਗਏ। ਉਸ ਪ੍ਰਚਾਰਕ ਦੇ ਅਗਲੇ ਬੋਲ ਸਨ ਸੰਗਤੋਂ ਮੈਂ ਉਹਨਾਂ ਨੂੰ ਕਿਹਾ ਇਹ ਗੱਡੀ ਕਿਥੋਂ ਚੁੱਕੀ ਜਾਣੀਂ ਸੀ ਕਿਉਂਕਿ ਇਸ ਗੱਡੀ ਵਿੱਚ ਬੈਠ ਕੇ ਅਸੀਂ ਚੌਪਈ ਸਾਹਿਬ ਦੇ ਪਾਠ ਜੁ ਕੀਤੇ ਸੀ. ਆਖੋ ਸਤਿਨਾਮ ਸ਼੍ਰੀ ਵਾਹਿਗੁਰੂ। ਹਨੇਰ ਸਾਂਈ ਦਾ, ਕੀ ਇਹ ਗੁਰਮਤਿ ਦਾ ਪ੍ਰਚਾਰ ਹੈ ਕਿ ਇਹ ਲੋਕਾਂ ਨੂੰ ਵਿਗਾੜਿਆ ਜਾ ਰਿਹਾ ਹੈ ਕਿ ਤੁਸੀਂ ਭਾਵੇਂ ਸ਼ਰੇ-ਬਾਜਾਰ ਗੱਡੀ ਖੜ੍ਹੀ ਕਰਕੇ ਬਹਿ ਜੋ ਤੇ ਚੌਪਈ ਦਾ ਪਾਠ ਕਰੋ ਕੋਈ ਤੁਹਾਡਾ ਕੁੱਝ ਵੀ ਨਹੀਂ ਵਿਗਾੜ੍ਹ ਸਕੂਗਾ। ਸਮਾਗਮ ਤੋਂ ਬਾਅਦ ਮੈਂ ਦੋ ਮਿੰਟ ਉਸ ਮਹਾਂ ਪ੍ਰਚਾਰਕ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਤੁਸੀਂ ਕਿਸੇ ਵੀ ਗੱਡੀ ਨੂੰ ਸਾਹਮਣੇਂ ਚੌਂਕ ਵਿੱਚ ਖੜ੍ਹਾ ਕਰਕੇ ਆਪਣੀਂ ਚਾਰ ਪੈਰਾਂ ਵਾਲੀ ਦਾ ਪਾਠ ਕਰੋ ਮੈਂ ਤੁਹਾਨੂੰ ਫਿਰ ਗੱਡੀ ਹਿਲਾ ਕੇ ਦਿਖਾਵਾਂਗਾ, ਤੇ ਅਗੋਂ ਪ੍ਰਚਾਰਕ ਸਾਹਬ ਦਾ ਜੁਵਾਬ ਸੀ ਜੀ ਅੱਜ ਸਾਡੇ ਕੋਲ ਸਮਾਂ

ਨਹੀਂ ਹੈ। ਮੈਂ ਕਿਹਾ ਤੁਹਾਡੇ ਕੋਲ ਆਹ ਲੱਲੀਆਂ ਮਾਰਨ ਦਾ ਸਮਾਂ ਹੈ ਜੋ ਤੁਸੀਂ ਸੰਗਤਾਂ ਨੂੰ ਪੁੱਠੇ ਪਾਸੇ ਲਾ ਰਹੇ ਓ। ਬੱਸ ਫਿਰ ਉਹ ਉਥੋਂ ਛੂ-ਮੰਤਰ ਹੋ ਗਏ। ਇਹਨਾਂ ਮਾਤਾ ਕੌਲਾਂ ਵਾਲਿਆਂ ਕੋਲ ਗੁਰਬਾਣੀਂ ਦੀ ਕੋਈ ਗੱਲ ਨਹੀਂ ਹੈ ਇਹ ਬੱਸ ਆਪਣੀਂ ਚਾਰ ਪੈਰਾਂ ਵਾਲੀ ਚੌਪਈ ਦਾ ਹੀ ਗੁਣਗਾਨ ਕਰਦੇ ਹਨ। ਅੱਗੇ ਦੇਖੋ ਤੁਸੀਂ ਸਾਡੇ ਮਹਾਂ ਸਾਧਾਂ ਦਾ ਪਾਖੰਡ,



ਇਸ ਤਸਵੀਰ ਨੂੰ ਦੇਖ ਕੇ ਕੀ ਇਹ ਲੱਗਦਾ ਹੈ ਕਿ ਇਹ ਲੋਕ ਗੁਰੂ ਨਾਨਕ ਸਾਹਿਬ ਜੀ ਦੇ ਉਪਾਸ਼ਕ ਹਨ। ਨਹੀਂ ਇਹ ਤਾਂ ਉਹਨਾਂ ਸਾਧਾਂ ਦੇ ਪੁਜਾਰੀ ਨੇਂ ਜੋ ਆਪ ਤਾਂ ਸਾਰੀ ਜਿੰਦਗੀ ਗੁਰੂ ਤੋਂ ਬੇਮੁੱਖ ਰਹੇ ਤੇ ਮਰਨ ਤੋਂ ਬਾਅਦ ਆਪਣੇਂ ਚੇਲਿਆਂ ਦਾ ਵੀ ਬੇੜ੍ਹਾ ਗਰਕ ਕਰ ਗਏ। ਇੱਕ ਪਾਸੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਚਵਰ, ਛਤਰ, ਤਖਤ ਦਾ ਮਾਲਕ ਆਖਦੇ ਹਾਂ ਤੇ ਦੂਜੇ ਪਾਸੇ ਦੇਖੋ ਅਸੀਂ ਇਹਨਾਂ ਸਾਧਾਂ ਦੀਆਂ ਤਸਵੀਰਾਂ ਤੇ ਵੀ ਚੌਰ ਫੇਰਦੇ ਹਾਂ, ਕੀ ਅਸੀਂ ਇਹ ਤਾਂ ਨਹੀਂ ਕਹਿ ਰਹੇ ਕਿ ਹੁਣ ਸਾਡੇ ਲਈ ਗੁਰੂ ਨਾਨਕ ਸਾਹਿਬ ਕੋਈ ਮਾਇਨੇਂ ਨਹੀਂ ਰੱਖਦੇ। ਜਿੰਨ੍ਹਾਂ ਸਤਿਕਾਰ ਦੇਖੋ ਸਾਧ ਦੀ ਇਸ ਤਸਵੀਰ ਦਾ ਕਰ ਰਹੇ ਨੇਂ ਉਨਾਂ ਤਾਂ ਅਸੀਂ ਕਦੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਨਹੀਂ ਕੀਤਾ। ਮੈਨੂੰ ਇਥੇ ਇੱਕ ਗੱਲ ਚੇਤੇ ਆ ਗਈ ਕਹਿੰਦੇ ਕਿਸੇ ਗੁਰਮੁੱਖ ਪਿਆਰੇ ਨੇਂ ਆਪਣੀਂ ਗਲੀ ਦੇ ਸਾਰੇ ਸਿੱਖਾਂ ਨੂੰ ਇਕੱਠੇ ਕਰਕੇ ਬੇਨਤੀ ਕੀਤੀ ਕਿ ਅੱਜ ਸਾਡੇ ਘਰ ਵਿਖੇ ਬਾਬਾ ਜੀ ਆ ਰਹੇ ਹਨ। ਕਿਰਪਾ ਕਰਕੇ ਮੇਰੇ ਨਾਲ ਲੱਗੋ ਤਾਂ ਕਿ ਅਸੀਂ ਸਾਰੀ ਗਲੀ ਨੂੰ ਸਾਫ ਕਰ ਸਕੀਏ, ਸਾਰਾ ਮੁਹੱਲਾ ਹੀ ਬੜ੍ਹੇ ਚਾਅ ਦੇ ਨਾਲ ਸਾਰੀ ਗਲੀ ਨੂੰ ਸਾਫ ਕਰਨ ਲੱਗ ਪਿਆ, ਕਿਸੇ ਨੇਂ ਝਾੜੂ ਫੜ੍ਹਿਆ ਤੇ ਕਿਸੇ ਨੇਂ ਟੂਟੀ ਨੂੰ ਨਾਲੀ ਲਾਕੇ ਗਲੀ ਨੂੰ ਪਾਣੀਂ ਨਾਲ ਧੋਕੇ ਸ਼ੀਸ਼ੇ ਦੀ ਤਰ੍ਹਾਂ ਚਮਕਾ ਦਿੱਤਾ। ਕੋਈ ਆਉਂਦਾ ਜਾਂਦਾ ਪੁੱਛਦਾ ਬਈ ਕੀ ਹੋਇਆ ਅੱਜ ਬੜ੍ਹੀਆਂ ਸਾਫ ਸਫਾਈਆਂ ਹੋ ਰਹੀਆਂ ਨੇਂ ਤੇ ਸਾਰੇ ਇੱਕ ਜੁਬਾਨ ਹੋਕੇ ਕਹਿੰਦੇ ਜੀ ਅੱਜ ਫਲਾਣੇਂ ਦੇ ਘਰ ਬਾਬਾ ਜੀ ਆ ਰਹੇ ਨੇਂ। ਪਰ ਕਿਹੜ੍ਹੇ ਬਾਬਾ ਜੀ ਆ ਰਹੇ ਨੇਂ ਇਹ ਤਾਂ ਕਿਸੇ ਨੂੰ ਵੀ ਨਹੀਂ ਪਤਾ ਸੀ। ਖੈਰ ਉਸ ਪਰਿਵਾਰ ਵਾਲੇ ਗੁਰਮੁੱਖ ਪਿਆਰੇ ਨੇਂ ਪੰਜ ਸੱਤ ਸਿੰਘਾਂ ਨੂੰ ਨਾਲ ਲਿਆ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲੈ ਆਂਦਾ। ਬੜ੍ਹੇ ਚਾਅ ਦੇ ਨਾਲ ਮਹਾਰਾਜ ਜੀ ਦਾ ਸਤਿਕਾਰ ਕੀਤਾ। ਲੱਖ ਖੁਸ਼ੀਆਂ ਮਨਾਈਆਂ ਕਿ ਸਾਡੇ ਵਿਹੜ੍ਹੇ ਮਾਲਕ ਜੀ ਆਏ ਹਨ। ਗੁਰਬਾਣੀਂ ਦਾ ਉਚਾਰਨ ਸ਼ੁਰੂ ਹੋਇਆ ਸਾਰੇ ਰਲ ਮਿਲਕੇ ਗੁਰੂਬਾਣੀਂ ਪੜ੍ਹ ਰਹੇ ਤੇ ਆਨੰਦ ਲੈ ਰਹੇ ਸਨ। ਸਾਰੇ ਮੁਹੱਲੇ ਦੇ ਸਿੱਖ ਸੇਵਕ ਬੜ੍ਹੇ ਉਤਾਵਲੇ ਸਨ ਕਿ ਅਜੇ ਤੱਕ ਬਾਬਾ ਜੀ ਨਹੀਂ ਆਏ। ਆਖਰ ਉਹਨਾਂ ਨੇਂ ਉਸ ਗੁਰਮੁਖ ਪਿਆਰੇ ਨੂੰ ਬੇਨਤੀ ਕੀਤੀ ਜਿਹਨੇਂ ਇਹਨਾਂ ਸਾਰਿਆਂ ਨੂੰ ਇਕੱਠੇ ਕਰਕੇ ਇਹ ਕਿਹਾ ਸੀ ਕਿ ਸਾਡੇ ਵਿਹੜ੍ਹੇ ਬਾਬਾ ਜੀ ਆ ਰਹੇ ਨੇਂ ਤੇ ਉਹਨਾਂ ਵਿਚਾਰਿਆਂ ਨੇਂ ਬੜ੍ਹੀ ਜੀਅ ਜਾਨ ਲਾਕੇ ਸਾਰੀ ਗਲੀ ਨੂੰ ਧੋ ਮਾਰਿਆ ਸੀ। ਕਹਿਣ ਲੱਗੇ ਕਿ ਬਾਬਾ ਜੀ ਕਦੋਂ ਆ ਰਹੇ ਹਨ। ਅੱਗੋਂ ਉਹ ਗੁਰਮੁਖ ਪਿਆਰਾ ਕਹਿਣ ਲੱਗਾ ਭੋਲਿਓ ਤੁਹਾਨੂੰ ਨਹੀਂ ਪਤਾ ਬਾਬਾ ਜੀ ਤਾਂ ਬਹੁਤ ਚਿਰ ਦੇ ਹੀ ਆ ਗਏ ਹਨ, ਸਾਰੇ ਇੱਕ ਦੂਜੇ ਦੇ ਮੂੰਹ ਵੱਲ ਵੇਖ ਕੇ ਕਹਿੰਦੇ ਹੈਂ ਸਾਨੂੰ ਤਾਂ ਪਤਾ ਹੀ ਨਹੀਂ ਕਿਥੇ ਨੇਂ ਬਾਬਾ ਜੀ ਅਸੀਂ ਤਾਂ ਅਜੇ ਤੱਕ ਦਰਸ਼ਨ ਵੀ ਨਹੀਂ ਕੀਤੇ, ਅਗੋਂ ਓਹ ਗੁਰਮੁਖ ਪਿਆਰਾ ਕਹਿੰਦਾ ਆਓ ਮੈਂ ਤੁਹਾਨੂੰ ਦਰਸ਼ਨ ਕਰਾਵਾਂ ਸਾਰੇ ਬੜ੍ਹੇ ਚਾਅ ਨਾਲ ਤੁਰੇ ਤੇ ਓਹ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾਕੇ ਕਹਿੰਦਾ ਹੈ ਆਹ ਨੇਂ ਬਾਬਾ ਜੀ।

ਬੱਸ ਇਹ ਗੱਲ ਸੁਣਕੇ ਸਾਰੇ ਹੈਰਾਨ ਹੋਕੇ ਕਹਿਣ ਲੱਗੇ, ਯਾਰ ਕਮਾਲ ਦੀ ਗੱਲ ਹੈ ਅਸੀਂ ਗਲੀਆਂ ਸਾਫ ਕਰਦੇ ਮਰ ਗਏ ਕਿ ਸ਼ਾਇਦ ਕੋਈ ਮਹਾਂਪੁਰਖ ਆ ਰਹੇ ਨੇਂ, ਤੂੰ ਸਾਨੂੰ ਦੱਸਿਆ ਕਿਓਂ ਨਹੀਂ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ੍ਹ ਲਿਆਉਂਣੀ ਸੀ, ਐਵੇਂ ਹੀ ਸਾਨੂੰ ਸਵੇਰੇ-ਸਵੇਰੇ ਖਪਾ ਮਾਰਿਆ, ਇਹ ਗੱਲ ਕਹਿੰਦੇ ਸੜ੍ਹਦੇ ਬਲਦੇ ਓਹ ਓਥੋਂ ਚਲੇ ਗਏ। ਪਾਠਕੋ ਭਾਵੇਂ ਕਿ ਇਹ ਇੱਕ ਕਹਾਣੀਂ ਹੈ, ਪਰ ਇਹਦੇ ਵਿੱਚ ਕੋਈ ਵੀ ਸ਼ੱਕ ਨਹੀਂ ਹੈ ਕਿ ਅਸਲ ਵਿੱਚ ਅਸੀਂ ਬੱਸ ਇਨ੍ਹਾਂ ਕੁ ਹੀ ਸਤਿਕਾਰ ਦਿੰਦੇਂ ਆਂ ਗੁਰੂ ਗ੍ਰੰਥ ਸਾਹਿਬ ਜੀ ਨੂੰ, ਮਹਾਰਾਜ ਦਾ ਸਰੂਪ ਲਿਆਉਣਾਂ ਹੋਵੇ ਤਾਂ ਅਸੀਂ ਕਦੇ ਇਹ ਵੀ ਕੋਸ਼ਿਸ਼ ਨਹੀਂ ਕਰਦੇ ਕਿ ਕਮ ਸੇ ਕਮ ਆਪਣੀਂ ਗਲੀ ਨੂੰ ਤਾਂ ਸਾਫ ਕਰ ਲਈਏ, ਪਰ ਵਾਕਿਆ ਹੀ ਬੜ੍ਹਾ ਮਾੜ੍ਹਾ ਹਾਲ ਹੈ ਸਾਡਾ। ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਅਸੀਂ ਕਦੇ ਅਸਲੀਅਤ ਵਿੱਚ ਗੁਰੂ ਮੰਨਿਆਂ ਹੀ ਨਹੀਂ ਹੈ। ਸਾਡਾ ਵਿਸ਼ਵਾਸ ਪਾਖੰਡੀਆਂ ਵਿੱਚ ਜਿਆਦਾ ਹੈ। ਅੰਬਾਲੇ ਮੈਂ ਇੱਕ ਦਿਨ ਦਿੱਲੀ ਜਾਂਦਾ ਹੋਇਆ ਗੁਰਮੁਖ ਪਿਆਰੇ ਵੀਰ ਜਗਮੀਰ ਸਿੰਘ ਜੀ ਕੋਲ ਰੁੱਕ ਗਿਆ ਜੋ ਕਿ ਆਪਣੇਂ ਤਲ ਤੇ ਧਰਮ ਪ੍ਰਚਾਰ ਵਿੱਚ ਲੱਗੇ ਹੋਏ ਹਨ। ਉਹਨਾਂ ਨੇਂ ਦਾਸ ਦੀ ਮੁਲਾਕਾਤ ਇੱਕ ਐਸੇ ਸਿੱਖ ਨਾਲ ਕਰਵਾਈ ਜੋ ਕੈਨੇਡਾ ਵਿੱਚ ਰਹਿੰਦੇ ਨੇਂ ਤੇ ਉਥੇ ਆਖੰਡ ਪਾਠਾਂ ਦੀਆਂ ਡਿਉਟੀਆਂ ਲਾਕੇ ਆਪਣਾਂ ਜਿੰਦਗੀ ਦਾ ਸਫਰ ਚਲਾ ਰਹੇ ਹਨ। ਉਹਨਾਂ ਦੇ ਵੀਚਾਰ ਸੁਣਕੇ ਮੇਰਾ ਮਨ ਬਹੁਤ ਖੁਸ਼ ਹੋਇਆ, ਤੇ ਕਾਫੀ ਦੇਰ ਤੱਕ ਅਸੀਂ ਉਹਨਾਂ ਦੀ ਦੁਕਾਨ ਵਿੱਚ ਹੀ ਬੈਠੇ ਰਹੇ। ਅਚਾਨਕ ਮੇਰੀ ਨਿਗ੍ਹਾ ਉਹਨਾਂ ਦੀ ਦੁਕਾਨ ਵਿੱਚ ਲੱਗੀ ਇੱਕ ਢੋਂਗੀ ਬਾਬਾ (ਨਿਰਮਲ ਬਾਬਾ) ਦੀ ਤਸਵੀਰ ਉਤੇ ਪਈ। ਮੈਂ ਉਹਨਾਂ ਨੂੰ ਬੇਨਤੀ ਕੀਤੀ ਕੀ ਤੁਸੀਂ ਇਹਨਾਂ ਦੇ ਸ਼ਰਧਾਲੂ ਹੋ ਤਾਂ ਉਹਨਾਂ ਦਾ ਜੁਵਾਬ ਹਾਂ ਵਿੱਚ ਸੀ। ਮੇਰੇ ਲੱਖ ਸਮਝਾਉਣ ਤੇ ਵੀ ਕਿ ਤੁਸੀ ਤਾਂ ਖੁਦ ਗੁਰਬਾਣੀਂ ਦਾ ਗਿਆਨ ਰੱਖਦੇ ਹੋ ਤੇ ਅੰਮ੍ਰਿਤਧਾਰੀ ਵੀ ਹੋ। ਫਿਰ ਕਿਓਂ ਤੁਸੀਂ ਇਹਦੇ ਮਗਰ ਲੱਗੇ ਹੋ। ਤਾਂ ਉਹਨਾਂ ਦਾ ਬਸ ਇੱਕ ਹੀ ਜੁਵਾਬ ਸੀ ਕਿ ਮੇਰਾ ਇਹਨਾਂ ਤੇ ਵਿਸ਼ਵਾਸ਼ ਹੈ। ਮੈਂ ਕੋਈ ਜਿਆਦਾ ਖੋਲ ਕੇ ਇਹ ਗੱਲ ਨਹੀਂ ਲਿਖਾਂਗਾ ਬਸ ਤੁਸੀਂ ਆਪ ਹੀ ਅੰਦਾਜਾ ਲਗਾ ਲਓ ਕਿ ਕੀ ਵਾਕਿਆ ਹੀ ਸਿੱਖ ਸਿੱਖੀ ਦੇ ਦੁਸ਼ਮਨ ਨਹੀਂ ਹਨ। ਜੇਕਰ ਪਾਠੀਆਂ ਦਾ ਗੁਰਬਾਣੀਂ ਪੜ੍ਹਨ ਵਾਲਿਆਂ ਦਾ ਹੀ ਇਹ ਹਾਲ ਹੈ ਤਾਂ ਫਿਰ ਆਮ ਸਿੱਖਾਂ ਦਾ ਕੀ ਹਾਲ ਹੋਵੇਗਾ। ਮੈਨੂੰ ਯਾਦ ਹੈ ਇੱਕ ਦਿਨ ਇੱਕ ਮੁਸਲਮਾਨ ਇਮਾਮ ਵੀਰ ਨੇਂ ਜਲੰਧਰ ਦਾਸ ਨੂੰ ਇੱਕ ਗੱਲ ਕਹੀ ਸੀ। ਜੋ ਮੈਂਨੂੰ ਕਦੇ ਵੀ ਨਹੀਂ ਭੁੱਲਦੀ ਹੈ। ਉਹਦਾ ਕਹਿਣਾਂ ਸੀ ਕਿ ਮੈਂ ਇੱਕ ਦਿਨ ਹਰਮੰਦਰ ਸਾਹਿਬ ਗਿਆ ਸੀ ਪਰ ਉਥੋਂ ਦਾ ਮਾਹੌਲ ਦੇਖ ਕੇ ਮੈਂ ਹੈਰਾਨ ਹੋ ਗਿਆ ਕਿ ਇਹ ਸਿੱਖ ਬਾਬੇ ਨਾਨਕ ਸਾਹਿਬ ਦੇ ਉਪਾਸ਼ਕ ਨਹੀਂ ਹੋ ਸਕਦੇ ਹਨ। ਕਿਓਂਕਿ ਕੋਈ ਉਥੇ ਬੇਰੀਆਂ ਦੀ ਪੂਜਾ ਕਰਦਾ ਪਿਆ ਹੈ ਤੇ ਕੋਈ ਹਰ ਕੀ ਪਓੜ੍ਹੀ ਦੇ ਪਾਣੀਂ ਨੂੰ ਹੀ ਅੰਮ੍ਰਿਤ ਸਮਝ ਕੇ ਘੁੱਟ ਲਾ ਰਿਹਾ ਹੈ। (ਹਰ ਕੀ ਪਉੜ੍ਹੀ ਬਾਰੇ ਗਿਆਨੀਂ ਗਿਆਨ ਸਿੰਘ ਜੀ ਦਾ ਕਹਿਣਾਂ ਹੈ ਕਿ ਇਥੇ ਸਿੱਖਾਂ ਨੇਂ ਇੱਕ ਅਜੀਬ ਸਿੱਖ ਨੂੰ ਸੇਵਾ ਕਰਦੇ ਦੇਖਿਆ ਸੀ ਜੋ ਕਿ ਗੁਰੂ ਮਹਾਰਾਜ ਨੂੰ ਪੁੱਛਣ ਤੇ ਪਤਾ ਲੱਗਾ ਕਿ ਇਹ ਹਿੰਦੂਆਂ ਦਾ ਅਵਤਾਰ ਵਿਸ਼ਨੂੰ ਹੈ ਇਸ ਕਰਕੇ ਇਹਦਾ ਨਾਮ ਹਰ ਕੀ ਪਉੜੀ ਰੱਖ ਦਿੱਤਾ ਗਿਆ) ਉਹ ਇਮਾਮ ਦਾ ਕਹਿਣਾਂ ਸੀ ਕਿ ਮੈਂ ਗੁਰਬਾਣੀਂ ਦਾ ਗਿਆਨ ਰੱਖਦਾ ਹਾਂ ਪਰ ਜੋ ਤੁਸੀਂ ਦਰਬਾਰ ਸਾਹਿਬ ਵਿਖੇ ਕਰ ਰਹੇ ਹੋ ਉਹ ਤੁਹਾਡੀ ਬਾਣੀਂ ਦੇ ਮੁਤਾਬਕ ਬਿਲਕੁੱਲ ਹੀ ਗਲਤ ਹੈ। ਮੇਨ ਗੱਲ ਜੋ ਉਸਨੇਂ ਕਹੀ ਉਹ ਵਾਕਿਆ ਹੀ ਦਿਲ ਕੰਬਾਊ ਸੀ ਕਹਿੰਦਾ ਸਿੱਖੋ ਹਰਮੰਦਰ ਸਾਹਿਬ ਵੀ ਹੁਣ ਤੁਹਾਡਾ ਨਹੀਂ ਰਿਹਾ ਹੈ। ਸਾਡੀ ਬਦਕਿਸਮਤੀ ਹੀ ਹੈ ਕਿ ਸਾਡੇ ਕੇਂਦਰੀ ਅਸਥਾਂਨ ਸ਼੍ਰੀ ਦਰਬਾਰ ਤੋਂ ਜੋ ਸੰਦੇਸ਼ ਦਿੱਤਾ ਜਾ ਰਿਹਾ ਹੈ ਉਹ ਬਿਪਰਵਾਦੀ ਹੈ। ਇਹਦੇ ਵਿੱਚ ਕੋਈ ਵੀ ਸ਼ੱਕ ਨਹੀਂ ਹੈ ਕਿ ਦਰਬਾਰ ਸਾਹਿਬ ਦਾ ਹੀ ਅਸਰ ਸਾਡਾ ਸਾਰਾ ਸਿੱਖ ਸਮਾਜ ਕਬੂਲਦਾ ਹੈ ਤੇ ਦਰਬਾਰ ਸਾਹਿਬ ਤੋਂ ਜੋ ਵੀ ਮੈਸਜ ਨਿਕਲੇਗਾ ਪੂਰੀ ਕੌਮ ਉਹਨੂੰ ਹੀ ਰੱਬੀ ਹੁਕਮ ਸਮਝਦੀ ਹੈ। ਤੇ ਸਾਨੂੰ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਵਿੱਚੋਂ ਹੀ ਉਹਨਾਂ ਕੁਰੀਤੀਆਂ ਨੂੰ ਹਟਾਉਣਾਂ ਚਾਹੀਦਾ ਹੈ। ਜੋ ਸਾਰੀ ਕੌਮ ਨੂੰ ਹੀ ਬ੍ਰਾਹਮਣੀਂ ਰੀਤਾਂ ਦਾ ਸ਼ਿਕਾਰ ਬਣਾਂ ਰਹੀ ਹੈ। ਫਿਰ ਸਾਰੀ ਕੌਮ ਆਪਣੇਂ ਆਪ ਹੀ ਸੁਧਰ ਜਾਵੇਗੀ, ਇਹ ਦਾਸ ਦਾ ਵੀਚਾਰ ਹੈ। ਹੇਠਾਂ ਮੈਂ ਅੰਬਾਲੇ ਬਣੇਂ ਹੋਏ ਇੱਕ ਨਿੰਜੀ ਡੇਰਾਨੁਮਾ ਗੁਰਦੁਆਰੇ ਦੀ ਜਾਣਕਾਰੀ ਦੇਕੇ ਇਸ ਲੇਖ ਦੀ ਸਮਾਪਤੀ ਕਰਾਂਗਾ। ਅੰਬਾਲਾ ਸਿਟੀ ਵਿੱਚ ਪੰਜਾਬ ਬੱਾਡਰ ਕੋਲ ਹੀ ਸ਼ੜ੍ਹਕ ਤੇ ਇੱਕ ਬੜ੍ਹਾ ਆਲੀਸ਼ਾਨ ਗੁਰਦੁਆਰਾ ਸਥਿਤ ਹੈ ਜਿਸਦਾ ਨਾਮ ਉਹ ਗੁਰਦੁਆਰਾ ਬਣਾਉਂਣ ਵਾਲੇ ਸਾਧ ਨੇਂ ਇੱਛਾ ਪੂਰਨ ਧਾਮ ਰੱਖਿਆ ਹੈ।



ਇਹ ਤਸਵੀਰ ਹੈ ਉਸ ਪਾਖੰਡੀ ਸਾਧ ਅਜੀਤ ਸਿੰਘ ਦੀ। ਜੋ ਕਿ ਇਹ ਕਹਿੰਦਾ ਹੈ ਕਿ ਮੈਨੂੰ ਸੁਪਨੇਂ ਵਿੱਚ ਸ਼ਹੀਦ (ਬਾਬ ਦੀਪ ਸਿੰਘ ਜੀ, ਬਾਬਾ ਜਮੀਤ ਸਿੰਘ ਜੀ) ਆਕੇ ਕਹਿੰਦੇ ਸਨ ਕਿ ਇਥੇ ਭਾਵ ਕਿ ਅੰਬਾਲੇ ਵਿੱਚ ਸਾਡੇ ਨਾਮ ਦਾ ਅਸਥਾਨ ਬਣਾਓ। ਇਹ ਗੱਲ ਇਸ ਸਾਧ ਨੇਂ ਗੁਰਦੁਆਰੇ ਵਿੱਚ ਗੁਰਦੁਆਰੇ ਦਾ ਇਤਿਹਾਸ ਨਾਮ ਹੇਠਾਂ ਇੱਕ ਵੱਡੇ ਬੈਨਰ ਤੇ ਬੜੀ ਸ਼ਪੱਸ਼ਟ ਕਰਕੇ ਲਿਖੀ ਹੋਈ। ਉਥੇ ਇਸਨੇਂ ਇਹ ਲਿਖਵਾਇਆ ਹੈ, ਕਿ ਇਸ ਜਗ੍ਹਾ ਦੇ ਮੈਨੂੰ ਸੁਪਨੇਂ ਵਿੱਚ ਕਈ ਵਾਰੀ ਦਰਸ਼ਨ ਹੋਏ ਸਨ ਤੇ ਇਹ ਗੱਲ ਮੈਂ ਆਪਣੀਂ ਵੱਡੀ ਭੈਣ ਬੀਬੀ ਜੁਗਿੰਦਰ ਕੌਰ ਨਾਲ ਸ਼ੇਅਰ ਕੀਤੀ ਸੀ। ਤੇ ਫਿਰ ਇੱਕ ਦਿਨ ਜਦੋਂ ਅਸੀਂ ਇਹ ਜਗ੍ਹਾ ਖਰੀਦ ਲਈ ਤਾਂ ਫਿਰ ਕੜ੍ਹਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ ਅਰਦਾਸ ਕੀਤੀ ਤਾਂ ਫਿਰ ਹੁਕਮਨਾਮਾਂ ਆਇਆ, , ਇਛਾ ਪੂਰਕੁ ਸਰਬ ਸੁਖਦਾਤਾ ਹਰਿ............ਤਾਂ ਫਿਰਿ ਇਸ ਜਗ੍ਹਾ ਦਾ ਨਾਮ ਇਛਾਂ ਪੂਰਨ ਧਾਮ ਰੱਖ ਦਿੱਤਾ ਗਿਆ। ਜਿਥੋਂ ਕਿ ਹਰ ਮਨੋਂਕਾਮਨਾਂ ਪੂਰੀ ਹੁੰਦੀ ਹੈ। ਮੈਂ ਅੰਬਾਲੇ ਕਥਾ ਕਰਨ ਵਾਸਤੇ ਆਇਆ ਸੀ ਤਾਂ ਮੈਂਨੂੰ ਕੁੱਝ ਵੀਰਾਂ ਨੇਂ ਇਸ ਅਸਥਾਨ ਤੇ ਚੱਲਦੇ ਪਾਖੰਡ ਬਾਰੇ ਦੱਸ ਪਾਈ ਜਦੋਂ ਮੈਨੂੰ ਪਤਾ ਲੱਗਾ ਉਦੋਂ ਤਕਰੀਬਨ ਸ਼ਾਮ ਦੇ ਛੇ ਕੁ ਦਾ ਟਾਈਮ ਹੋਇਆ ਸੀ, ਤੇ ਅਗਲੇ ਦਿਨ ਮੈਂ ਵਾਪਸ ਜਲੰਧਰ ਵੀ ਆਉਣਾਂ ਸੀ ਸੋ ਮੈਂ ਕੁੱਝ ਵੀਰਾਂ ਨੂੰ ਨਾਲ ਲੈਕੇ ਇਹ ਅਸਥਾਨ ਦੇਖਣ ਵਾਸਤੇ ਚੱਲ ਪਿਆ। ਜਦੋਂ ਅਸੀਂ ਇਥੇ ਪੁੱਜੇ ਤਾਂ ਕਾਫੀ ਹਨੇਰਾ ਹੋ ਚੁੱਕਾ ਸੀ ਇਸ ਕਰਕੇ

ਜੋ ਤਸਵੀਰਾਂ ਲਈਆਂ ਗਈਆਂ ਹਨ ਉਹ ਵੀ ਰਾਤ ਦੀਆਂ ਹਨ। ਇਸ ਦੀ ਬਾਹਰੀ ਤਸਵੀਰ ਇਹ ਹੈ



ਬੜ੍ਹਾ ਹੀ ਆਲੀਸ਼ਾਨ ਗੁਰਦੁਆਰਾ ਸਾਧ ਨੇਂ ਤਿਆਰ ਕੀਤਾ ਹੈ, ਇਸ ਗੁਰਦੁਆਰੇ ਦੀ ਤਾਰੀਫ ਵਿੱਚ ਕੁੱਝ ਅਲਫਾਜ ਮੈਂ ਬਾਬੇ ਵਲੋਂ ਜਾਰੀ ਕੀਤੀ ਜੰਤਰੀ ਵਿੱਚ ਪੜ੍ਹੇ ਹਨ। ਉਥੇ ਇਹ ਲਿਖਿਆ ਹੈ ਕਿ ਇਹ ਅਸਥਾਨ ਸਾਨੂੰ ਤਾਜ-ਮਹਲ ਦਾ ਭੁਲੇਖਾ ਪਾਉਂਦਾ ਹੈ। ਇਥੇ ਇਹ ਚੇਤਾ ਰੱਖੋ ਕਿ ਤਾਜ ਮਹਲ ਇੱਕ ਆਸ਼ਿਕ ਮਜਾਜ ਸ਼ਾਹ ਜਹਾਂ ਨੇਂ ਆਪਣੀਂ ਪਤਨੀਂ ਮੁਮਤਾਜ ਦੀ ਯਾਦ ਵਿੱਚ ਤਿਆਰ ਕੀਤਾ ਸੀ।

ਕੀ ਹੁਣ ਗੁਰਦੁਆਰਿਆਂ ਨੂੰ ਵੀ ਕਿਤੇ ਸਾਡੇ ਸਾਧ ਬਾਬੇ ਤਾਜ ਮਹਲ ਤਾਂ ਨਹੀਂ ਬਣਾਈਂ ਜਾ ਰਹੇ?

ਇਹ ਹੁਣ ਸਿੱਖਾਂ ਦੇ ਸੋਚਨ ਦਾ ਵਿਸ਼ਾ ਹੈ। ਪਰ ਲੱਗਦਾ ਅਸੀਂ ਉਦੋਂ ਹੀ ਸੋਚਾਂਗੇ ਜਦੋਂ ਸੋਚਨ ਨੂੰ ਹੀ ਕੁੱਝ ਨਾਂ ਰਿਹਾ। ਜਦੋਂ ਅਸੀਂ ਅੰਦਰ ਮਹਾਰਾਜ ਦੇ ਦਰਬਾਰ ਵਿੱਚ ਗਏ ਤਾਂ ਰਾਗੀ ਸਿੰਘ ਕੀਰਤਨ ਕਰਦੇ ਪਏ ਸਨ ਪਰ ਸਾਰਾ ਆਲੀਸ਼ਾਨ ਹਾਲ ਖਾਲੀ ਹੀ ਪਿਆ ਸੀ। ਥੋੜ੍ਹਾ ਚਿਰ ਬੈਠਣ ਤੋਂ ਬਾਅਦ ਅਸੀਂ ਬਾਹਰ ਆਏ ਤਾਂਕਿ ਸਾਰੇ ਹਾਲਾਤ ਦੇਖੇ ਜਾ ਸਕਣ। ਗੁਰਦੁਆਰੇ ਦੀਆਂ ਮੂਹਰਲੀਆਂ ਦੋਵੇਂ ਸੈਡਾਂ ਤੇ ਬਣੇਂ ਹੋਏ ਦੋਵੇਂ ਗੁੰਬਦਾਂ ਅੰਦਰ ਇੱਕ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਅਸਥਾਨ (ਸੱਚਖੰਡ) ਬਣਾਇਆਂ ਹੋਇਆ ਹੈ। ਜਿਥੇ ਕਿ ਸਾਖਆਸਨ ਵਾਲੇ ਬੈੱਡ ਉਤੇ ਬਹੁਤ ਵੱਡੀ ਫੋਟੋ ਬਾਬਾ ਦੀਪ ਸਿੰਘ ਜੀ ਦੀ ਲਗਾਈ ਹੋਈ ਹੈ ਜੋ ਕਿ ਬਿਲਕੁੱਲ ਹੀ ਗੁਰਮਤਿ ਮਰਆਦਾ ਅਨੁਸਾਰ ਗਲਤ ਹੈ।

ਦੂਜੇ ਗੁੰਬਦ ਦੇ ਬਾਹਰ ਵਾਰ ਤਪ ਅਸਥਾਨ ਲਿਖਿਆ ਹੋਇਆ ਸੀ, ਪੜ੍ਹਕੇ ਮੈਂ ਸੋਚਿਆ ਸ਼ਾਇਦ ਇਹ ਬਾਬਾ ਦੀਪ ਸਿੰਘ ਜੀ ਦਾ ਤਪ ਅਸਥਾਨ ਬਣਾਇਆਂ ਹੋਇਆ ਹੋਵੇਗਾ ਕਿਓਂਕਿ ਸਾਧਾਂ ਨੂੰ ਤਪ ਅਸਥਾਂਨ ਬਣਾਉਂਣ ਦੀ ਬੜ੍ਹੀ ਵੱਡੀ ਬਿਮਾਰੀ ਹੁੰਦੀ ਹੈ। ਸਾਧ ਤਾਂ ਆਪਣੇਂ ਤਪ ਅਸਥਾਂਨਾ ਤੇ ਹੀ ਕੜ੍ਹੋੜ੍ਹਾਂ ਰੁਪਏ ਖਰਚ ਕਰ ਦਿੰਦੇ ਹਨ। ਬਾਅਦ ਵਿੱਚ ਪਤਾ ਲੱਗਾ ਕਿ ਇਹ ਤਾਂ ਸਾਧ ਨੇਂ ਆਪਣਾਂ ਹੀ ਤਪ ਅਸਥਾਨ ਬਣਾਇਆਂ ਹੋਇਆ ਹੈ। ਅੰਦਰ ਦਾ ਸੀਨ ਦੇਖ ਕੇ ਮੈਨੂੰ ਬੜ੍ਹੀ ਹੈਰਾਨੀਂ ਹੋਈ, ਕਿ ਬਾਬੇ ਵੱਡਾ ਸਾਰਾ ਇੱਕ ਗਦੇਲ ਰੱਖਿਆ ਹੋਇਆ ਸੀ, ਜਿਸਦੇ ਨਾਲ ਹੋਰ ਵੀ ਲਟਰ-ਪਟਰ ਬ੍ਰਾਹਮਣਾਂ ਵਾਲਾ ਰੱਖਿਆ ਹੋਇਆ ਸੀ, ਅੰਦਰ ਦੀਵਾਰਾਂ ਤੇ ਇੱਕ ਪਾਸੇ ਗੁਰੂਆਂ ਦੀਆਂ ਤਸਵੀਰਾਂ ਤੇ ਦੂਸਰੀਆਂ ਦੋ ਸੈਡਾਂ ਤੇ ਹਿੰਦੂਆਂ ਦੇ ਅਵਤਾਰਾਂ ਦੀਆਂ ਤਸਵੀਰਾਂ ਲਾਈਆਂ ਸਨ, ਜਿਨ੍ਹਾਂ ਤੇ ਸੁੰਦਰ ਹਾਰ ਵੀ ਪਾਏ ਹੋਏ ਸਨ, ਆਪ ਵੀ ਇਹਨਾਂ ਤਸਵੀਰਾਂ ਰਾਹੀਂ ਦੇਖੋ





ਇਹ ਹੈ ਬਾਬੇ ਅਜੀਤ ਸਿੰਘ ਦੇ ਤਪ ਅਸਥਾਂਨ ਦਾ ਅੰਦਰਲਾ ਬਿਪਰਵਾਦੀ ਨਜਾਰਾ ਜਿਸ ਅੰਦਰ ਸ਼ਿਵ ਜੀ, ਕ੍ਰਿਸ਼ਨ, ਵਿਸ਼ਨੂੰ, ਲਛਮੀਂ ਦੀਆਂ ਫੋਟੋਆਂ ਲਾਈਆ ਹਨ, ਇਹ ਪਾਖੰਡ ਜਿਹੜ੍ਹਾ ਕਿ ਉਹ ਸ਼ਰੇਆਮ ਗੁਰਦੁਆਰੇ ਵਿੱਚ ਬੈਠਾ ਕਰ ਰਿਹਾ ਹੈ। ਪਰ ਨਾਂ ਤਾਂ ਸ਼੍ਰੋਮਣੀਂ ਕਮੇਟੀ ਮੈਂਬਰ ਹੀ ਕੁੱਝ ਕਰ ਰਿਹਾ ਹੈ ਤੇ ਨਾਂ ਹੀ ਕੋਈ ਹੋਰ ਪੰਥ ਦਰਦੀ, ਸਾਰੇ ਸੁੱਤੇ ਹੋਏ ਹਨ। ਇਹ ਸਭ ਦੇਖ ਕੇ ਅਸੀਂ ਬਾਬੇ ਦੀ ਕੋਠੀ ਜੋ ਕਿ ਗੁਰਦੁਆਰੇ ਦੇ ਬੈਕਸਾਈਡ ਬਣੀਂ ਹੋਈ ਹੈ। (ਕੋਠੀ ਨਹੀਂ ਕਿਲਾ ਹੈ) ਉਥੇ ਪੁੱਛ ਕੇ ਗਏ ਤਾਂ ਕੀ ਦੇਖਿਆ ਕਿ ਬਾਬੇ ਨੇਂ ਤਾਂ ਆਪਣਾਂ ਦਰਬਾਰ ਲਾਇਆ ਹੋਇਆ ਸੀ, ਗੁਰਦੁਆਰਾ ਖਾਲੀ ਸੀ ਪਰ ਬਾਬੇ ਦਾ ਦਰਬਾਰ ਭਰਿਆ ਪਿਆ ਸੀ ਲੋਕ ਆ ਰਹੇ ਸਨ ਤੇ ਮੱਥਾ ਟੇਕ ਕੇ ਬਾਬੇ ਕੋਲੋਂ ਕੇਲਿਆਂ ਦਾ ਪ੍ਰਸ਼ਾਦ ਲੈਕੇ ਬੈਠ ਰਹੇ ਸਨ, ਤੇ ਫਿਰ ਬਾਬਾ ਉਹਨਾਂ ਦੇ ਦੁਖਾਂ ਦਾ ਨਿਵਾਰਨ ਕਰਦਾ ਸੀ। ਅਸੀਂ ਵੀ ਬਾਬੇ ਨੂੰ ਫਤਹਿ ਬੁਲਾਕੇ ਬੈਠ ਗਏ, ਇਹ ਬਾਬੇ ਵਾਸਤੇ ਬੜ੍ਹੀ ਬੇ-ਇਜਤੀ ਵਾਲੀ ਗੱਲ ਸੀ ਕਿਓਂਕਿ ਲੋਕ ਤਾਂ ਮੱਥਾ ਟੇਕ ਰਹੇ ਸਨ, ਤੇ ਅਸੀਂ ਫਤਹਿ ਹੀ ਬੁਲਾਈ ਸੀ। ਖੈਰ ਮੈਂ ਇਹ ਵੀ ਨੋਟ ਕੀਤਾ ਕਿ ਬਾਬਾ ਕੁੜ੍ਹੀਆਂ ਨੂੰ ਜੱਫੀ ਪਾਕੇ ਮਿਲਦਾ ਸੀ। ਤੇ ਆਪਣੇਂ ਪੈਰ ਵੀ ਘੁਟਾ ਰਿਹਾ ਸੀ ਆਹ ਆਪਜੀ ਇਸ ਤਸਵੀਰ ਵਿੱਚ ਵੀ ਦੇਖ ਸਕਦੇ ਹੋ, ਜੋ ਕਿ ਦਾਸ ਨੇਂ ਖੁਦ ਬਾਬੇ ਦੇ ਸਾਹਮਣੇਂ ਹੀ ਲਈ ਸੀ, , ,



ਅਸੀਂ ਲੇਟ ਹੋ ਰਹੇ ਸੀ ਸੋ ਮੈਂ ਬਾਬੇ ਨੂੰ ਦੋ ਚਾਰ ਸੁਆਲ ਕੀਤੇ ਪਹਿਲਾ ਕਿ ਤੁਸੀਂ ਜੋ ਬਾਬਾ ਦੀਪ ਸਿੰਘ ਦੇ ਨਾਮ ਤੇ ਇਹ ਅਸਥਾਨ ਬਣਾਇਆ ਹੈ ਕੀ ਬਾਬਾ ਦੀਪ ਸਿੰਘ ਜੀ ਏਥੇ ਆਏ ਸਨ, ਬਾਬੇ ਦਾ ਜੁਵਾਬ ਸੀ ਸਾਡੇ ਕੋਲ ਸਬੂਤ ਹੈ ਕਿ ਵਜੀਰ ਖਾਂ ਨੂੰ ਸੋਧਣ ਵਾਸਤੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇਂ ਇਥੇ ਮੰਜੀ ਸਾਹਿਬ (ਅੰਬਾਲਾ) ਮੀਟਿੰਗ ਕੀਤੀ ਤੇ ਉਸ ਸਮੇਂ ਬਾਬਾ ਦੀਪ ਸਿੰਘ ਜੀ ਵੀ ਮੌਜੂਦ ਸਨ। ਮੈਂ ਕਿਹਾ ਪਰ ਇਤਿਹਾਸ ਵਿੱਚ ਤਾਂ ਕਿਤੇ ਵੀ ਐਸਾ ਲਿਖਿਆ ਨਹੀਂ ਮਿਲਦਾ ਹੈ। ਪਰ ਬਾਬੇ ਦਾ ਹੁਣ ਕੋਈ ਵੀ ਜੁਵਾਬ ਨਹੀਂ ਸੀ।

ਦੂਜਾ ਮੈਂ ਸੁਆਲ ਕੀਤਾ ਕਿ ਤੁਸੀਂ ਇਸ ਜਗ੍ਹਾ ਦਾ ਨਾਮ ਇੱਛਾਂ ਪੂਰਨ ਧਾਮ ਰੱਖਿਆ ਹੈ ਕੀ ਇਥੇ ਹਰ ਇੱਛਾ ਪੂਰੀ ਹੁੰਦੀ ਹੈ ਜਦਕਿ ਮਨ ਤਾਂ ਕਈ ਵਾਰੀ ਬੁਰੀਆਂ ਭੈੜੀਆਂ ਇੱਛਾਵਾਂ ਵੀ ਧਾਰ ਲੈਂਦਾ ਹੈ। ਬਾਬੇ ਦਾ ਜੁਵਾਬ ਹਾਂ ਵਿੱਚ ਸੀ। ਖੈਰ ਅਸੀਂ ਫਿਰ ਉਥੋਂ ਵਾਪਸ ਆ ਗਏ ਕਿਓਂਕਿ ਮੈਂਨੂੰ ਲੱਗਦਾ ਸੀ ਕਿ ਬਾਬਾ ਆਪਣੀਂ ਬੇਇਜਤੀ ਮਹਿਸੂਸ ਕਰ ਰਿਹਾ ਸੀ। ਤੇ ਉਹਦਾ ਮੂੰਹ ਵੀ ਗੁਸੇ ਵਾਲਾ ਲੱਗਦਾ ਸੀ। ਖੈਰ ਮੈਂ ਤਾਂ ਆਪਣਾਂ ਫਰਜ ਨਿਭਾ ਦਿੱਤਾ ਹੈ ਆਪ ਜੀ ਦੇ ਸਾਹਮਣੇਂ ਸਚਾਈ ਰੱਖਕੇ। ਹੁਣ ਦੇਖੋ ਕੀ ਹੁੰਦਾ ਹੈ। ਸਭ ਤੋਂ ਪਹਿਲਾਂ ਤਾਂ ਜੇਕਰ ਬਾਬੇ ਨੇਂ ਜਾਂ ਬਾਬੇ ਦੇ ਕਿਸੇ ਚੇਲੇ ਨੇਂ ਇਹ ਲੇਖ ਪੜ੍ਹਿਆ ਤਾਂ ਮੈਂਨੂੰ ਜਰੂਰ ਗਾਲ੍ਹਾਂ ਕੱਡਣਗੇ ਇਸੇ ਲਈ ਮੈਂ ਨਾਲ ਆਪਣਾਂ ਫੋਨ ਨੰ: ਵੀ ਦੇਣ ਲੱਗਾ ਹਾਂ ਤਾਂਕਿ ਉਹ ਆਨ ਲਾਈਨ ਹੀ ਆਪਣੀਂ ਭੜ੍ਹਾਸ ਕੱਢ ਸਕਣ।

ਮੇਰੇ ਵੀਰੋ ਕੀ ਤੁਹਾਨੂੰ ਇਹ ਲੇਖ ਪੜ੍ਹਕੇ ਕੀ ਇਹ ਨਹੀਂ ਲੱਗਦਾ ਹੈ ਕਿ ਵਾਕਿਆ ਹੀ ਸਿੱਖ ਹੀ ਸਿੱਖੀ ਦੇ ਦੁਸ਼ਮਨ ਹਨ। ਸਾਡਾ ਬੇੜ੍ਹਾ ਗਰਕ ਕਿਸੇ ਹੋਰ ਨੇਂ ਨਹੀਂ ਸਾਡੇ ਆਪਣਿਆਂ ਨੇਂ ਹੀ ਕੀਤਾ ਹੈ। ਗੁਰਦੁਆਰਿਆਂ ਤੇ ਕਾਬਜ ਕੋਈ ਗੈਰ ਧਰਮੀਂ ਨਹੀਂ ਹਨ ਸਿੱਖ ਹੀ ਹਨ। ਪਰ ਉਹ ਹੀ ਇਹ ਕਹਿੰਦੇ ਨੇਂ ਕਿ ਕਰਮਕਾਂਡਾ ਖਿਲਾਫ ਨਾਂ ਬੋਲੋ। ਜੇਕਰ ਗੁਰਦੁਆਰੇ ਦਾ ਪ੍ਰਧਾਨ ਹੀ ਮੌਲੀਆਂ ਬੰਨੀਂ ਫਿਰਦਾ ਹੈ ਜਾਂ ਸ਼ਨੀ, ਜੋਤਸ਼ੀ, ਜਾਂ ਮੰਦਰਾਂ ਦੇ ਟੱਲ ਖੜ੍ਹਕਾਉਂਦਾ ਹੈ ਤਾਂ ਕੀ ਉਹ ਇਹ ਚਾਹੇਗਾ ਕਿ ਕੋਈ ਪ੍ਰਚਾਰਕ ਬ੍ਰਾਹਮਣਵਾਦ ਦੇ ਖਿਲਾਫ ਗੱਲ ਕਰੇ। ਸੋ ਸਭ ਤੋਂ ਪਹਿਲਾਂ ਤਾਂ ਸਾਨੂੰ ਖੁੱਦ ਨੂੰ ਹੀ ਗੁਰਬਾਣੀਂ ਅਨੁਸਾਰ ਜੀਵਨ ਢਾਲਣਾਂ ਪਵੇਗਾ ਫਿਰ ਸਾਨੂੰ ਸੋਝੀ ਹੋਵੇਗੀ। ਜੇਕਰ ਸਾਨੂੰ ਪਤਾ ਹੋਏਗਾ ਤਾਂ ਹੀ ਤਾਂ ਅਸੀਂ ਕਿਸੇ ਦੂਜੇ ਨੂੰ ਕੋਝ ਕਹਿਣ ਵਾਲੇ ਹੋਵਾਂਗੇ। ਵਾਹਿਗੁਰੂ ਮਿਹਰ ਕਰੇ ਸਾਡਾ ਜੀਵਨ ਗੁਰੂ ਆਸ਼ੇ ਅਨੁਸਾਰ ਢਲੇ।

ਭਾਈ ਲ਼ਖਵਿੰਦਰ ਸਿੰਘ ਗੰਭੀਰ (ਕਥਾਵਾਚਕ)

090174-42260

098721-18848